ਭੇਖ ਅਥਵਾ ਭੇਸ (Disguise)

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਭੇਖ ਅਥਵਾ ਭੇਸ ਦਾ ਸੰਬੰਧ ਕਿਸੇ ਸਮਾਜਿਕ, ਧਾਰਮਿਕ ਜਾਂ ਪਰਿਵਾਰਿਕ ਪਹਿਨਾਵੇ ਜਾਂ ਪੁਸ਼ਾਕ ਨਾਲ ਜੁੜਿਆ ਹੋਇਆ ਨਹੀਂ ਹੈ। ਕੱਪੜੇ ਦੀ ਬਣੀ ਪੁਸ਼ਾਕ ਨੰਗੇਜ਼ ਕੱਜਣ ਲਈ ਅਥਵਾ ਸਰਦੀ ਗਰਮੀ ਨਾਲ ਉਪਜਦੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਹੁੰਦੀ ਹੈ। ਵੱਖ-ਵੱਖ ਧਰਮਾਂ, ਦੇਸ਼ਾਂ, ਸਮਾਜਾਂ ਦਾ ਲਿਬਾਸ ਵੱਖ-ਵੱਖ ਹੈ। ਕੁੱਝ ਲਿਬਾਸ ਖ਼ਾਸ ਸੰਸਥਾਵਾਂ ਦੀ ਵਰਦੀ ਵਜੋਂ ਹਨ ਜਿਨ੍ਹਾਂ ਦੇ ਪਾਉਣ ਨਾਲ ਉਸ ਖ਼ਾਸ ਸੰਸਥਾ ਦੇ ਨਾਲ ਸਬੰਧ ਹੋਣ ਦੀ ਪਛਾਣ ਬਣਦੀ ਹੈ। ਗ੍ਰਿਹਸਥੀ ਮਨੁੱਖ ਦਾ ਲਿਬਾਸ ਉਸਦੀ ਸਮਾਜਿਕ ਅਥਵਾ ਪ੍ਰਦੇਸ਼ਕ ਪਛਾਣ ਹੈ ਅਤੇ ਮਾਣ ਸਤਿਕਾਰ ਦਾ ਪ੍ਰਤੀਕ ਵੀ ਹੈ। ਪਰ ਅੰਦਰ ਦੀ ਅਸਲੀਅਤ ਨੂੰ ਲੁਕਾਉਣ ਦੇ ਯਤਨ ਵਿੱਚ ਬਣਾਈ ਬਾਹਰੀ ਡਿੱਠ ਦਾ ਨਾਮ ਭੇਖ ਅਥਵਾ ਭੇਸ ਹੈ। ਖ਼ਾਸ ਤਰ੍ਹਾਂ ਦਾ ਭੇਖ ਧਾਰਨ ਕਰਨ ਵਾਲਾ ਬਹੁਤਾ ਕਰਕੇ ਅੰਦਰ ਦਾ ਝੂਠਾ, ਠੱਗ ਅਥਵਾ ਧੋਖੇਬਾਜ਼ ਹੁੰਦਾ ਹੈ। ਭੇਖ ਵਟਾਉਣ ਵਿੱਚ ਨਿਪੁੰਨ ਮਨੁੱਖ ਨੂੰ ਆਮ ਬੋਲੀ ਵਿੱਚ ਬਹੁਰੂਪੀਆ ਵੀ ਕਹਿੰਦੇ ਹਨ।

ਪ੍ਰਚੱਲਤ ਪਹਿਰਾਵੇ ਦੀ ਥਾਂ ਉਚੇਚਾ ਪਹਿਰਾਵਾ ਉਹੀ ਧਾਰਨ ਕਰਦਾ ਹੈ ਜਿਸ ਨੇ ਆਪਣੇ ਅੰਦਰਲੀ ਅਸਲੀਅਤ ਲੁਕਾਉਣੀ ਹੋਵੇ। ਆਪਣੀ ਉੱਤਮਤਾ ਪ੍ਰਗਟ ਕਰਨ ਲਈ ਜਿਹੜੇ ਲਿਬਾਸ ਜਾਂ ਚਿੰਨ੍ਹ ਸਾਧ ਸੰਤ ਅਥਵਾ ਧਾਰਮਿਕ ਆਗੂ ਉਚੇਚੇ ਢੰਗ ਨਾਲ ਧਾਰਨ ਕਰਦੇ ਹਨ, ਉਨ੍ਹਾਂ ਸਾਰਿਆਂ ਨੂੰ ਗੁਰਬਾਣੀ ਨੇ ਭੇਖ ਮੰਨਿਆ ਹੈ। ਬਾਹਰ ਦੇ ਭੇਖ ਆਸਰੇ ਚੰਗੇ ਬਣਨ ਵਾਲਿਆਂ ਨੂੰ ਸਤਿਗੁਰਾਂ ਨੇ ਪਸੰਦ ਨਹੀਂ ਕੀਤਾ। ਸਤਿਗੁਰਾਂ ਨੇ ਉਸ ਮਨੁੱਖ ਨੂੰ ਸੰਸਾਰ ਵਿੱਚ ਭਲਾ ਮੰਨਿਆ ਹੈ ਜਿਸ ਨੇ ਆਪਣੇ ਬਾਹਰੀ ਲਿਬਾਸ ਵਿੱਚ ਉਚੇਚ ਲਿਆਉਣ ਦੀ ਪ੍ਰਵਾਹ ਛੱਡ ਕੇ ਆਪਣੇ ਹਿਰਦੇ ਅੰਦਰ ਮਨੁੱਖਤਾ ਦੇ ਸ਼ੁਭ ਗੁਣਾਂ ਦਾ ਭੰਡਾਰ ਇਕੱਠਾ ਕੀਤਾ ਹੋਵੇ, ਅਜਿਹੇ ਮਨੁੱਖਾਂ ਨੂੰ ਸਦਾ ਪ੍ਰਭੂ ਮਿਲਾਪ ਦੀ ਲਗਨ ਲੱਗੀ ਰਹਿੰਦੀ ਹੈ। ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ:

- ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ॥ (੪੭੩)

- ਅਧਿਕ ਤਿਆਸ ਭੇਖ ਬਹੁ ਕਰੈ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ॥ ਦੁਬਿਧਾ ਛੋਡਿ ਨਾਮਿ ਨਿਸਤਰੈ॥ (੩੫੨)

ਕੂੜ ਦੀ ਪਾਲ ਤੋੜ ਲੈਣ ਨਾਲ ਜਿਸ ਭਗਤ ਆਤਮਾ ਅਥਵਾ ਮਹਾਂਪੁਰਖ ਦੇ ਅੰਦਰ ਰੱਬੀ ਨੂਰ ਦਾ ਪ੍ਰਕਾਸ਼ ਹੋ ਚੁੱਕਾ ਹੈ ਉਸਨੂੰ ਭਲਾ ਕਿਸੇ ਉਚੇਚੇ ਲਿਬਾਸ ਦੀ ਕੀ ਲੋੜ? ਉਸਨੂੰ ਆਮ ਲੋਕਾਂ ਨਾਲੋਂ ਵੱਖਰਾ ਪਹਿਰਾਵਾ ਧਾਰਨ ਕਰਨ ਦੀ ਮੁਥਾਜੀ ਕਿਉਂ ਰਹੇ? ਅਜਿਹੇ ਕਰਮਾਂ ਵਾਲੇ ਨੂੰ ਦਿਗੰਬਰ ਹੋਣ ਦੀ ਲੋੜ ਅਨੁਭਵ ਕਿਉਂ ਹੋਵੇ? ਪਰਮ ਠੰਡ ਨਾਲ ਜੁੜੇ ਮਹਾਂਪੁਰਖ ਨੂੰ ਮਾਇਆ ਦੇ ਮੋਹ ਵਿੱਚ ਫਸਿਆਂ ਹੋਇਆਂ ਵਾਂਗ ਆਪਣੇ ਚੇਲੇ ਬਣਾ ਕੇ ਡੇਰੇ ਚਲਾਉਣ ਵਾਲੀ ਤ੍ਰਿਸ਼ਨਾ ਦੀ ਅੱਗ ਵਿੱਚ ਸੜਨ ਦੀ ਕੀ ਲੋੜ ਹੈ? ਸੂਰਜ ਨੂੰ ਆਪਣੀ ਰੌਸ਼ਨੀ ਅਥਵਾ ਗੁਣਾਂ ਦੀ ਮਸ਼ਹੂਰੀ ਕਰਾਉਣ ਲਈ ਦਲਾਲ ਲੱਭਣ ਦੀ ਲੋੜ ਕਿਉਂ ਪਵੇ? ਜਿਸ ਵਿਧਾਤੇ ਕੋਲੋਂ ਅਨੰਤ ਸੂਰਜ ਆਪਣੀ ਗਰਮੀ ਅਤੇ ਰੌਸ਼ਨੀ ਲੈ ਰਹੇ ਹਨ, ਉਹ ਪਰਮ ਨੂਰ ਜਿਸਦੇ ਹਿਰਦੇ ਵਿੱਚ ਆ ਬਿਰਾਜੇ ਉਸਨੂੰ ਦੁਨੀਆਂ ਆਪਣੇ ਆਪ ਕਿਵੇਂ ਨਾ ਜਾਣੇ? ਜਿਸਦੇ ਹਿਰਦੇ ਵਿੱਚ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ ਉਸ ਦੀ ਪੱਕੀ ਨਿਸ਼ਾਨੀ ਇਹ ਹੈ ਕਿ ਉਸਦਾ ਮਨ ਅਡੋਲ ਅਵਸਥਾ ਵਿੱਚ ਟਿਕ ਜਾਂਦਾ ਹੈ। ਉਸਨੂੰ ਕਿਸੇ ਭੇਖ ਦੀ ਅਥਵਾ ਕੋਈ ਡੇਰਾ ਚਾਲੂ ਕਰਨ ਦੀ ਜਾਂ ਆਪਣੇ ਚੇਲੇ ਬਣਾਉਣ ਦੀ ਕੋਈ ਲੋੜ ਰਹਿ ਹੀ ਨਹੀਂ ਜਾਂਦੀ।

- ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ ਨਾਨਕ ਤੇ ਜਨ ਸਹਜਿ ਸਮਾਤਿ॥ (੨੬੭)

ਅਜਿਹੇ ਭਾਗਾਂ ਵਾਲੇ ਮਨੁੱਖ ਦੀ ਭਟਕਣਾ ਅਥਵਾ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ। ਉਸਨੂੰ ਕੋਈ ਭਲਾ ਕਹੇ ਤੇ ਭਾਵੇਂ ਬੁਰਾ, ਉਹ ਹਰ ਹਾਲ ਵਿੱਚ ਅਨੰਦ ਅਤੇ ਪੂਰਨ ਟਿਕਾਉ ਵਾਲੀ ਹਾਲਤ ਵਿੱਚ ਟਿਕਿਆ ਰਹਿੰਦਾ ਹੈ। ਜਦ ਹਿਰਦਾ ਪਰਮ ਠੰਡ ਨਾਲ ਜੁੜ ਗਿਆ ਫਿਰ ਕੋਈ ਗਰਮੀ ਨੇੜੇ ਕਿਉਂ ਆਵੇ? ਗੁਰਬਾਣੀ ਵਿੱਚ ਅਜਿਹਾ ਕੋਈ ਸ਼ਬਦ ਨਹੀਂ ਹੈ ਜਿਥੇ ਵਿਖਾਵੇ ਵਾਲੇ ਕਿਸੇ ਭੇਖ ਨੂੰ ਪਸੰਦ ਕੀਤਾ ਗਿਆ ਹੋਵੇ। ਭੇਖੀ ਨੂੰ ਸਤਿਗੁਰਾਂ ਨੇ ਕਪਟੀ ਅਤੇ ਠੱਗ ਮੰਨਿਆ ਹੈ।

- ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ॥ (੨੬)

ਉਚੇਚੀ ਤਰਜ਼ ਨਾਲ ਸੀਤੇ ਹੋਏ ਚਿੱਟੇ ਚੋਲੇ ਅਥਵਾ ਨਿਰਾਲੇ ਢੰਗ ਵਾਲੇ ਪੱਗਾਂ ਦੇ ਬੰਧੇਜ ਅਤੇ ਹੱਥ ਵਿੱਚ ਸਿਮਰਨੇ ਆਦਿ ਫੜ੍ਹਨ ਦੀ ਲੋੜ ਕੇਵਲ ਮੈਲੇ ਅਤੇ ਕਠੋਰ ਚਿੱਤ ਵਾਲੇ ਠੱਗਾਂ ਨੂੰ ਹੀ ਪੈਂਦੀ ਹੈ। ਪ੍ਰਭੂ ਦਾ ਨਾਮ ਜਪਣ ਲਈ ਕਿਸੇ ਪ੍ਰਕਾਰ ਦੇ ਵਿਖਾਵੇ ਅਤੇ ਚਿੰਨ੍ਹਾਂ ਦੀ ਭਲਾ ਕੀ ਲੋੜ?

- ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ॥ ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ॥
ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ॥ (੭੫੧)

ਗੇਰੂਏ ਰੰਗ ਦੇ ਕੱਪੜਿਆਂ ਅਥਵਾ ਗੋਦੜੀਆਂ ਪਾਈ ਫਿਰਦਿਆਂ ਬਾਰੇ ਵੀ ਫੁਰਮਾਨ ਇਸ ਪ੍ਰਕਾਰ ਹਨ:

- ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥ (੧੦੧੨)

- ਇਕਿ ਭਸਮ ਲਗਾਇ ਫਿਰਹਿ ਭੇਖਧਾਰੀ॥ ਬਿਨੁ ਸਬਦੈ ਹਉਮੈ ਕਿਨਿ ਮਾਰੀ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖਿ ਭਰਮਾਈ ਹੇ॥ (੧੦੪੬)

ਆਪਣੀ ਉੱਤਮਤਾਈ ਦਾ ਪ੍ਰਗਟਾਵਾ ਕਰਨ ਦੀ ਤ੍ਰਿਸ਼ਨਾ ਵਿੱਚ ਗ੍ਰਸੇ ਹੋਏ ਹੰਕਾਰੀ ਭੇਖੀਆਂ ਦੀ ਇੱਕ ਹੋਰ ਜਮਾਤ ਬਾਰੇ ਗੁਰੂ ਫੁਰਮਾਨ ਇੰਜ ਹੈ:

- ਕਾਜੀ ਸੇਖ ਭੇਖ ਫਕੀਰਾ॥ ਵਡੇ ਕਹਾਵਹਿ ਹਉਮੈ ਤਨਿ ਪੀਰਾ॥ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ॥(੨੨੭)

- ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥ ਛਪਸਿ ਨਾਹਿ ਕਛੁ ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥ ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ ਗਲਿ ਪਾਥਰ ਕੈਸੇ ਤਰੈ ਅਥਾਹ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ ਨਾਨਕ ਤੇ ਜਨ ਸਹਜਿ ਸਮਾਤਿ॥ (੨੬੭)

- ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ॥ ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ॥ (੧੦੯੯)

- ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ॥ਰਹਾਉ॥
ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥ (੩੨੪)

- ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ॥

ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ॥ (੫੦੪)

– ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥ (੫੯੮)

ਹਜ਼ਾਰਾਂ ਸਾਲ ਪਹਿਲਾਂ ਬ੍ਰਾਹਮਣ ਨੇ ਲੋਕਾਂ ਨੂੰ ਲੁੱਟਣ ਵਾਸਤੇ ਕਈ ਤਰ੍ਹਾਂ ਦੇ ਲਿਬਾਸ ਅਥਵਾ ਭੇਖ ਵਾਲੇ ਸੰਤ ਬਾਣੇ ਚਾਲੂ ਕਰ ਲਏ ਸਨ। ਇੰਨ੍ਹਾਂ ਵੱਖ-ਵੱਖ ਸੰਤ ਟੋਲਿਆਂ ਨੇ ਮਾਇਕ ਲੁੱਟ ਨੂੰ ਮੁੱਖ ਰੱਖ ਕੇ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਲਈ ਤਪ ਕਰਨ ਦੀ ਦੌੜ ਅਰੰਭ ਲਈ ਸੀ ਤਾਂ ਜੋ ਆਪਣੇ ਟੋਲੇ ਵਾਲੇ ਸਾਧੂਆਂ ਦੀ ਆਤਮਿਕ ਉੱਚਤਾ ਦਾ ਭਰਮ ਪਾ ਕੇ ਲੋਕਾਂ ਕੋਲੋਂ ਵੱਧ ਤੋਂ ਵੱਧ ਮਾਇਆ ਠੱਗੀ ਜਾਵੇ। ਵਰ ਸਰਾਪਾਂ ਦਾ ਚੱਕਰ ਵੀ ਲੁੱਟ ਦਾ ਸਾਧਨ ਹੀ ਸੀ। ਜਿਨ੍ਹਾਂ ਨੂੰ ਕਿਸੇ ਰਿਧੀ ਸਿਧੀ ਦਾ ਕਿਣਕਾ ਹੱਥ ਲੱਗ ਗਿਆ ਉਨ੍ਹਾਂ ਦੇ ਚੇਲਿਆਂ ਦੀ ਠੱਗੀ ਵੱਧ ਚੱਲ ਤੁਰਦੀ ਸੀ। ਸਮੇਂ ਦੇ ਨਾਲ-ਨਾਲ ਸਾਧੂਆਂ ਦੇ ਅੱਡ-ਅੱਡ ਭੇਖਾਂ ਦਾ ਪ੍ਰਭਾਵ ਲੋਕਾਂ ਦੇ ਮਨਾਂ ਨੇ ਅਜਿਹਾ ਕਬੂਲ ਲਿਆ ਕਿ ਭੇਖੀਆਂ ਦਾ ਉਚੇਚਾ ਸਤਿਕਾਰ ਸਿਖਰ ਤੇ ਜਾ ਬੈਠਾ।

ਬ੍ਰਾਹਮਣ ਦੇ ਉੱਤਰ ਅਧਿਕਾਰੀ ਹੀ ਗੁਰੂ ਪੰਥ ਵਿੱਚ ਆ ਰਲੇ ਅਤੇ ਉਨ੍ਹਾਂ ਨੇ ਸਿੱਖ ਭਾਈਚਾਰੇ ਦੇ ਪ੍ਰਚੱਲਤ ਰਿਵਾਜ ਵਾਲੇ ਪਹਿਰਾਵੇ ਤੋਂ ਵੱਖਰਾ ਸੰਤ ਬਾਣਾ ਥਾਪ ਲਿਆ। ਅਰਥਾਤ ਉਚੇਚੇ ਬੰਧੇਜ ਵਾਲੀ ਛੋਟੀ ਪੱਗ, ਲੰਮਾ ਕੁੜਤਾ ਜਾਂ ਚੋਲਾ, ਗੁਟ ਤੇ ਸਿਮਰਨਾ, ਹੱਥ ਵਿੱਚ ਮਾਲਾ ਜਾਂ ਤੀਰ ਫੜ ਲਿਆ। ਕਿਸੇ ਨੇ ਚਾਦਰ ਦੀ ਗਿਲਤੀ, ਕੰਬਲ ਦਾ ਪਹਿਰਨਾਂ, ਜੁੱਤੀ ਦੇ ਥਾਂ ਖੜਾਵਾਂ ਆਦਿਕ ਪਾ ਲਈਆਂ। ਸੰਤ ਭੇਖ ਨੂੰ ਉਚੇਚਾ ਸਤਿਕਾਰ ਦੇਣ ਦੇ ਸੰਸਕਾਰ ਲੋਕਾਂ ਦੇ ਦਿਲਾਂ ਵਿੱਚ ਪਹਿਲਾਂ ਹੀ ਕਈ ਪੀੜ੍ਹੀਆਂ ਤੋਂ ਬਣੇ ਹੋਏ ਸਨ। ਬ੍ਰਾਹਮਣੀ ਸੰਤ ਟੋਲਿਆਂ ਵਾਂਗ ਹੀ ਸਿੱਖੀ ਭੇਖ ਵਾਲੇ ਸੰਤ ਠੱਗਾਂ ਨੇ ਸਿੱਖੀ ਦੇ ਪ੍ਰਚਾਰ ਦਾ ਬੁਰਕਾ ਪਾ ਕੇ ਅੱਡਰੇ ਡੇਰੇ ਅਥਵਾ ਗੱਦੀਆਂ ਚਾਲੂ ਕਰ ਲਈਆਂ। ਸੰਤ ਬਾਣੇ ਦੀਆਂ ਸਿੱਖ ਜਗਤ ਵਿੱਚ ਵੀ ਪੰਜੇ ਘਿਉ ਵਿੱਚ ਹੋ ਗਈਆਂ। ਜਿਸ ਨੂੰ ਵੀ ਇਸ ਭੇਖ ਵਿੱਚ ਵੇਖਿਆ ਝੱਟ ਹੀ ਡੰਡੋਤ ਕਰਕੇ ਉਸ ਦੀ ਉਚੇਚੀ ਸੇਵਾ ਕਰਨੀ ਅਰੰਭ ਕਰ ਦੇਣੀ। ਗੁਰਮਤਿ ਤੋਂ ਲੋਕਾਂ ਦੀ ਅਗਿਆਨਤਾ ਦਾ ਲਾਭ ਇਨ੍ਹਾਂ ਭੇਖੀਆਂ ਨੇ ਚੰਗੀ ਤਰ੍ਹਾਂ ਲਿਆ ਕਈ ਠੱਗੀਆਂ ਵੱਜੀਆਂ ਪਰ ਲੋਕਾਂ ਦੀ ਸ਼ਰਧਾ ਵਿੱਚ ਫ਼ਰਕ ਨਾ ਪਿਆ।

ਕਈਆਂ ਨੇ ਆਪਣੀ ਗੱਦੀ ਸੰਤ ਡੇਰੇ ਤੋਂ ਅਗਾਂਹ ਟਪਾ ਲਈ ਅਤੇ ਗੁਰੂ ਵੀ ਆਪ ਹੀ ਬਣ ਬੈਠੇ ਸੰਤ ਭੇਖ ਵਾਲੇ ਡੇਰੇਦਾਰ ਅਜਿਹੇ ਭੇਖੀ ਗੁਰੂ ਨੂੰ ਆਪਣੇ ਨਾਲੋਂ ਅੱਗੇ ਲੰਘ ਗਿਆ ਵੇਖ ਕੇ ਸਹਾਰ ਨਾ ਸਕੇ ਅਤੇ ਸਾੜੇ ਕਾਰਨ ਉਨ੍ਹਾਂ ਦੇ ਦੁਸ਼ਮਣ ਬਣ ਗਏ। ਹਜ਼ਾਰਾਂ ਸਾਲਾਂ ਤੋਂ ਇੰਨ੍ਹਾਂ ਭੇਖੀਆਂ ਦੀ ਲੜਾਈ ਨੇ ਕਈ ਜ਼ੁਲਮੀ ਕਾਰੇ ਕਰਵਾਏ ਅਤੇ ਅਜੇ ਪਤਾ ਨਹੀਂ ਕੀ ਵਾਪਰਨਾ ਹੈ। ਭੇਖੀਆਂ ਨੇ ਗੁਰਮਤਿ ਸਿਧਾਂਤ ਦੀ ਖੰਡਨਾ ਕਰਨ ਵਿੱਚ ਜ਼ਰਾ ਵੀ ਕਸਰ ਨਾ ਛੱਡੀ। ਪਰ ਗੁਰੂ ਕੇ ਲਾਲ ਨੇ ਸਿੱਖੀ ਭੇਖ ਵਾਲੇ ਇੰਨ੍ਹਾਂ ਬਿਪ੍ਰਾਂ ਨੂੰ ਅੱਜ ਤਾਂਈਂ ਨਹੀਂ ਪਛਾਣਿਆ।

ਜਿਨ੍ਹਾਂ ਪ੍ਰਚਾਰਕਾਂ ਅਥਵਾ ਰਾਗੀਆਂ ਢਾਡੀਆਂ ਨੇ ਸਟੇਜ ਤੇ ਆਉਣ ਲੱਗਿਆਂ ਗੋਲ ਪੱਗ ਬੰਨ੍ਹ ਲੈਣ ਦੇ ਨਾਲ ਸੰਤ ਬਾਣੇ ਪਾ ਲਏ, ਲੋਕਾਂ ਨੇ ਉਨ੍ਹਾਂ ਦੀ ਗੱਲ ਉਚੇਚੇ ਧਿਆਨ ਨਾਲ ਸੁਣੀ ਅਤੇ ਉਚੇਚੀ ਸੇਵਾ ਕੀਤੀ ਅਜਿਹੇ ਸੁਆਰਥੀ ਭੇਖੀਆਂ ਨੇ ਹੀ ਪੰਥ ਵਿੱਚ ਬਿਪ੍ਰਨ ਕੀ ਰੀਤਿ ਵਾੜਨੀ ਅਰੰਭ ਕੀਤੀ ਹੋਈ ਹੈ। ਗਿਣੇ ਮਿਥੇ ਕੁਝ ਸ਼ਬਦ ਯਾਦ ਕਰਕੇ ਲੋਕਾਂ ਦੇ ਮਨਾਂ ਅੰਦਰ ਆਪਣੀ ਵਿਦਵਤਾ ਦਾ ਪ੍ਰਭਾਵ ਬਣਾ ਕੇ ਜੇਬਾਂ ਭਰੀ ਜਾ ਰਹੇ ਹਨ। ਮਾਇਆ ਬਿਖ ਦੀ ਉਗਰਾਹੀ ਵਾਸਤੇ ਗੁਰਬਾਣੀ ਰੂਪੀ ਅੰਮ੍ਰਿਤ ਸੁਣਾਉਣ ਵਾਲੇ ਲਈ ਗੁਰੂ ਫੁਰਮਾਨ ਹੈ:

– ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ॥ ਜਮ ਪੁਰਿ ਬਾਧਾ ਚੋਟਾ ਖਾਵੈ॥ (੧੯੪)

ਬਾਹਰੋਂ ਵਿਖਾਵੇ ਲਈ ਧਾਰਮਿਕ ਪਹਿਰਾਵਾ ਅਤੇ ਉਚੇਚੇ ਪਖੰਡਾਂ ਗ੍ਰਸੀ ਸੁੱਚਮ ਮਰਿਯਾਦਾ ਦੀ ਪ੍ਰਦਰਸ਼ਨੀ ਕਰਨ ਵਾਲਿਆਂ ਕਥਿਤ ਧਰਮੀਆਂ ਦੇ ਅੰਦਰ ਦੀ ਘਾਤਕ ਕਾਲਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਫੁਰਮਾਨ ਰਾਹੀਂ ਨੰਗਾ ਕੀਤਾ ਹੈ:

– ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥

ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੈ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥
ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥ (੪੭੧)

ਨਾਨਕ ਨਿਰੰਕਾਰੀ ਜੀ ਦਾ ਉਦਾਸੀ ਬਾਣਾ

ਅਸਲੀਅਤ ਦਾ ਪੂਰਾ ਪਤਾ ਨਾ ਹੋਣ ਕਰਕੇ ਇਹ ਪ੍ਰਸ਼ਨ ਉਠਣਾ ਵੀ ਸੁਭਾਵਿਕ ਹੈ ਕਿ ਜਦ ਗੁਰਦੇਵ ਭੇਖ ਦੇ ਏਡੇ ਵਿਰੁੱਧ ਸਨ ਤਾਂ ਉਨ੍ਹਾਂ ਨੇ ਆਪ ਸਾਧਾਂ ਸੰਤਾਂ ਵਾਲਾ ਬਾਣਾ ਕਿਸ ਕਾਰਨ ਧਾਰਨ ਕੀਤਾ ਸੀ? ਸਤਿਗੁਰੂ ਨਾਨਕ ਜੀ ਨੇ ਜਿਨ੍ਹਾਂ ਲੋਕਾਂ ਨੂੰ ਪੂਰਨ ਸੱਚ ਦਾ ਨਿਆਰਾ ਸਿਧਾਂਤ ਸਮਝਾਉਣਾ ਸੀ ਉਹ ਹਜ਼ਾਰਾਂ ਸਾਲਾਂ ਤੋਂ ਝੂਠ ਦੀ ਪੂਜਾ ਕਰਦੇ ਰਹਿਣ ਕਾਰਨ ਸੱਚ ਦੀ ਪਛਾਣ ਭੁੱਲ ਚੁੱਕੇ ਸਨ। ਉਨ੍ਹਾਂ ਵਾਸਤੇ ਝੂਠ ਪੂਰਨ ਸੱਚ ਦਾ ਰੂਪ ਬਣ ਚੁੱਕਾ ਸੀ। ਭੇਖੀ ਸਾਧਾਂ ਸੰਤਾਂ ਦੇ ਚੇਲੇ ਬਣ ਚੁੱਕੇ ਲੋਕ ਇੱਕ ਗ੍ਰਿਹਸਤੀ ਕਿਰਤੀ ਦੇ ਘਰ ਜਨਮੇ ਨੌਜਵਾਨ ਦੀ ਗੱਲ ਸੁਣਨੀ ਕਿਵੇਂ ਪਸੰਦ ਕਰ ਸਕਦੇ ਸਨ? ਹਜ਼ਾਰਾਂ ਸਾਲਾਂ ਤੋਂ ਮਨੁੱਖ ਦੇ ਮਨ ਤੇ ਸਾਧ ਸੰਤ ਦੇ ਭੇਖ ਦਾ ਅਸਰ ਪੈਂਦਾ ਰਹਿਣ ਕਾਰਨ ਸਾਧ ਭੇਖ ਪ੍ਰਤੀ ਸ਼ਰਧਾ ਦੇ ਸੰਸਕਾਰ ਬੜੇ ਡੂੰਘੇ ਬਣ ਚੁੱਕੇ ਸਨ। ਗੁਰੂ ਨਾਨਕ ਜੀ ਨੇ ਵੇਖ ਲਿਆ ਸੀ ਕਿ ਲੋਕ ਸਾਧ ਬਾਣੇ ਵਾਲੇ ਦੀ ਗੱਲ ਬੜੇ ਧਿਆਨ ਨਾਲ ਸੁਣਦੇ ਸਨ। ਸੱਚ ਦਾ ਸੁਨੇਹਾ ਪਹੁੰਚਾਉਣ ਲਈ ਲੋਕਾਂ ਦੀ ਰੁਚੀ ਆਪਣੇ ਵੱਲ ਖਿੱਚਣੀ ਸੀ। ਇਸ ਕਾਰਨ ਮਜਬੂਰਨ ਨਾਨਕ ਨਿਰੰਕਾਰੀ ਜੀ ਨੇ ਸਾਧ ਭੇਖ ਵਰਤਿਆ ਸੀ।

ਅਜਿਹਾ ਭੇਖ ਵੀ ਗੁਰਦੇਵ ਨੇ ਉਸੇ ਤਰ੍ਹਾਂ ਹੀ ਧਾਰਨ ਕੀਤਾ ਸੀ ਜਿਵੇਂ ਗੁਰਬਾਣੀ ਵਿੱਚ ਦੇਵੀ ਦੇਵਤਿਆਂ ਦਾ ਅਤੇ ਉਨ੍ਹਾਂ ਪ੍ਰਤੀ ਪ੍ਰਚੱਲਤ ਕਥਾ ਕਹਾਣੀਆਂ ਦਾ ਇਸ਼ਾਰੇ ਮਾਤ੍ਰ ਵਰਣਨ ਕਰਨਾ ਪਿਆ ਸੀ। ਗੰਦ ਦੇ ਭਰੇ ਚਲ੍ਹੇ ਵਿੱਚੋਂ ਛੰਨਾ ਕੱਢਣ ਵਾਲੀ ਹੀ ਗੱਲ ਸੀ। ਗੰਦ ਦੇ ਟੋਏ ਵਿੱਚ ਡਿੱਗੀ ਗੋਤੇ ਖਾ ਰਹੀ ਮਨੁੱਖਤਾ ਨੂੰ ਕੱਢਣ ਲਈ ਗੰਦ ਵਿੱਚ ਵੜਨਾ ਪਿਆ ਸੀ। ਭਾਵੇਂ ਆਪ ਨੂੰ ਵੀ ਭੇਖ ਧਾਰਨ ਕਰਨਾ ਪੈ ਗਿਆ ਸੀ ਪਰ ਭੇਖ ਦੀ ਖੰਡਣਾ ਨਾਲੋ ਨਾਲ ਕਰਦੇ ਰਹੇ ਸਨ। ਜਿਉਂ ਹੀ ਗੁਰਦੇਵ ਨੇ ਅਨੁਭਵ ਕਰ ਲਿਆ ਕਿ ਲੋਕਾਂ ਨੂੰ ਗੁਰਮਤਿ ਗਿਆਨ ਦੇ ਅਧਾਰ 'ਤੇ ਬਣ ਰਹੀ ਜ਼ਿੰਦਗੀ ਦਾ ਅਨੰਦ ਆਉਣ ਲੱਗ ਪਿਆ ਹੈ ਅਤੇ ਲੋਕ ਸੱਚ ਨਾਲ ਜੋੜਨ ਵਾਲੀ ਬਾਣੀ ਨੂੰ ਸਮਝਣ ਲੱਗ ਪਏ ਹਨ, ਉਸੇ ਵੇਲੇ ਹੀ ਸਾਧ ਬਾਣੇ ਨੂੰ ਤਲਾਂਜਲੀ ਦੇ ਕੇ ਗ੍ਰਿਹਸਤੀਆਂ ਵਾਲੇ ਕੱਪੜੇ ਪਾ ਲਏ ਅਤੇ ਕਰਤਾਰਪੁਰ ਵਿਖੇ ਖੇਤੀ ਕਰਨੀ ਅਰੰਭ ਕਰਕੇ ਮਨੁੱਖਤਾ ਨੂੰ ਘਾਲ ਖਾਏ ਅਥਵਾ ਸੁਕ੍ਰਿਤ ਕਰਣੀ ਦਾ ਪਾਠ ਪੜ੍ਹਾਇਆ।

– ਸੁਣਿ ਸੁਣਿ ਸਿਖ ਹਮਾਰੀ॥ ਸੁਕ੍ਰਿਤ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ॥ (੧੫੪)

ਵੇਸ

ਉੱਪਰ ਆ ਚੁੱਕੇ ਪ੍ਰਮਾਣਾਂ ਤੋਂ ਸਮਝ ਪੈਂਦੀ ਹੈ ਕਿ ਭੇਖ ਅਥਵਾ ਭੇਸ ਆਪਣੀ ਅਸਲੀਅਤ ਨੂੰ ਲੁਕਾਉਣ ਦਾ ਨਾਮ ਹੈ, ਪਰ ਗੁਰਬਾਣੀ ਵਿੱਚ ਵੇਸ ਲਫ਼ਜ਼ ਵੀ ਬੜੀ ਥਾਈਂ ਆਇਆ ਹੈ। ਇਸ ਲਈ ਵੇਸ ਦੇ ਗੁਰਮਤਿ ਅਰਥਾਂ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ। ਮਹਾਨਕੋਸ਼ ਅਨੁਸਾਰ ਵੇਸ ਦੇ ਅਰਥ ਪ੍ਰਵੇਸ਼, ਦਖ਼ਲ, ਰਹਿਣ ਦੀ ਥਾਂ ਲਿਖਿਆ ਹੈ। ਗੁਰਬਾਣੀ ਵਿੱਚ ਵੇਸ ਹੇਠ ਲਿਖੇ ਅਰਥਾਂ ਵਿੱਚ ਆਇਆ ਹੈ।

ਪ੍ਰਮਾਤਮਾ ਨੂੰ ਪ੍ਰਸੰਨ ਕਰ ਲੈਣ ਦੇ ਭਰਮ ਨਾਲ ਕੋਈ ਲਿਬਾਸ ਅਥਵਾ ਪੋਸ਼ਾਕ ਪਾਉਣੀ ਜਾਂ ਸਰੀਰ ਤੇ ਚਿੰਨ੍ਹ ਲਾਉਣ ਦਾ ਸ਼ਿੰਗਾਰ ਕਰਨਾ। ਅਜਿਹੇ ਭਰਮੀਆਂ ਨੂੰ ਲੋਕਾਂ ਨਾਲ ਠੱਗੀ ਮਾਰਨ ਦੀ ਰੁਚੀ ਨਹੀਂ ਹੁੰਦੀ। ਉਸ ਨੂੰ ਭਰਮ

ਬਣ ਚੁੱਕਾ ਹੁੰਦਾ ਹੈ ਕਿ ਉਸਦੇ ਉਸ ਉਚੇਚੇ ਵੇਸ ਤੇ ਪ੍ਰਭੂ ਪ੍ਰਸੰਨ ਹੁੰਦਾ ਹੈ। ਅਜਿਹੇ ਆਸ਼ੇ ਵਾਲੇ ਮਨੁੱਖਾਂ ਬਾਰੇ ਗੁਰੂ ਫੁਰਮਾਨ ਇਸ ਪ੍ਰਕਾਰ ਹਨ:

- ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥ ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ॥(੧੪੦)

- ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ॥ (੧੨੯੦)

- ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥ ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥
ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ॥
ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ॥ (੭੮੫)

- ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥ ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ (੧੩੮੧)

ਵੇਸੁ ਲਫ਼ਜ਼ ਦੀ ਵਰਤੋਂ ਹੋਰ ਅਰਥਾਂ ਵਿੱਚ

ਜਪੁਜੀ ਸਾਹਿਬ ਵਿੱਚ ਵੇਸ ਅੱਖਰ ਪਹਿਰਾਵੇ ਲਈ ਨਹੀਂ ਸਗੋਂ ੨੮ਵੀਂ ਪਉੜੀ ਤੋਂ ੩੧ਵੀਂ ਪਉੜੀ ਤੱਕ ਅਕਾਲ ਪੁਰਖ ਦੀ ਕੁਦਰਤ ਦੇ ਸਦਾ ਤੋਂ ਵਰਤ ਰਹੇ ਇੱਕ ਅਟੱਲ ਵੇਸ ਭਾਵ ਨਿਯਮ ਅਥਵਾ ਸਿਧਾਂਤ ਦਾ ਗਿਆਨ ਕਰਵਾਇਆ ਹੈ। ਫਿਰ ੩੫ਵੀਂ ਪਉੜੀ ਵਿੱਚ ਕਾਦਰ ਦੀ ਕੁਦਰਤ ਦੇ ਬੇਅੰਤ ਪਸਾਰੇ ਦੀ ਇੱਕ ਸਾਰ ਵਿਸ਼ਾਲਤਾ ਦਾ ਗਿਆਨ ਕਰਾਉਣ ਲਈ ਵੇਸ ਪਦ ਵਰਤਿਆ ਹੈ।

ਭਾਰਤ ਵਿੱਚ ਵੇਦਾਂ ਦੀ ਤਾਲੀਮ ਨੂੰ ਮੰਨਣ ਵਾਲੇ ਧਰਮ ਆਗੂਆਂ ਦੇ ਕਈ ਟੋਲੇ ਬਣੇ ਹੋਏ ਸਨ। ਸੰਨਿਆਸੀ ਸਰੇਵੜੇ, ਉਦਾਸੀ, ਜੰਗਮ, ਸਾਧ, ਸਿੱਧ ਜੋਗੀ ਆਦਿ। ਇਨ੍ਹਾਂ ਵਿੱਚੋਂ ਸਿਧਾਂ ਅਥਵਾ ਜੋਗੀਆਂ ਦਾ ਅਸਰ ਲੋਕਾਂ ਦੇ ਮਨਾਂ ਨੇ ਸਭ ਤੋਂ ਵੱਧ ਕਬੂਲਿਆ ਹੋਇਆ ਸੀ। ਇਨ੍ਹਾਂ ਬਾਰੇ ਮਸ਼ਹੂਰ ਸੀ ਕਿ ਜੋਗ ਸਾਧਨਾ ਵਿੱਚ ਪੁੱਗੇ ਹੋਂਣ ਕਰਕੇ ਕਈ ਤਰ੍ਹਾਂ ਦੀਆਂ ਰਿਧੀਆਂ ਸਿਧੀਆਂ ਉਨ੍ਹਾਂ ਦੇ ਵੱਸ ਵਿੱਚ ਸਨ। ਸਿੱਧਾਂ ਨੇ ਚੇਟਕੀ ਢੰਗ ਨਾਲ ਸਿਧੀਆਂ ਦੀ ਪ੍ਰਦਰਸ਼ਨੀ ਕਰਕੇ ਅਤੇ ਵਰ ਸਰਾਪਾਂ ਦੇ ਪਾਖੰਡ ਜਾਲ ਦੁਆਰਾ ਲੋਕਾਂ ਦੇ ਮਨਾਂ ਵਿੱਚ ਭੈਅ ਰਲਿਆ ਡੂੰਘਾ ਸਤਿਕਾਰ ਬਣਾ ਲਿਆ ਹੋਇਆ ਸੀ। ਜੋਗੀਆਂ ਵਿੱਚੋਂ **"ਆਈ ਪੰਥੀਏ"** ਆਪਣੇ ਆਪ ਨੂੰ ਸਰਬ ਸ੍ਰੇਸ਼ਟ ਮੰਨਦੇ ਸਨ। ਸੋ ਸਤਿਗੁਰਾਂ ਨੇ ਉਸ ਜੋਗੀ ਟੋਲੇ ਨੂੰ ਸੰਬੋਧਨ ਕਰਕੇ ੨੮ਵੀਂ ਪਉੜੀ ਵਿੱਚ ਫੁਰਮਾਇਆ ਹੈ ਕਿ ਸਰਬੱਤ ਜੀਵਾਂ ਨਾਲ ਸਮਾਨ ਪਿਆਰ ਕਰਨ ਨੂੰ ਹੀ ਸਭ ਤੋਂ ਉੱਚਾ (ਆਈ) ਪੰਥ ਸਮਝਣਾ ਚਾਹੀਦਾ ਹੈ। ਰਿਧੀਆਂ ਸਿਧੀਆਂ ਦੇ ਮਗਰ ਵਿਅਰਥ ਭਟਕਦੇ ਫਿਰਨ ਨਾਲੋਂ ਮਨ ਨੂੰ ਵਿਕਾਰਾਂ ਵੱਲੋਂ ਮੋੜ ਲੈਣ ਦੀ ਸਫ਼ਲਤਾ ਹੀ ਅਸਲ ਪ੍ਰਾਪਤੀ ਸਮਝਣੀ ਚਾਹੀਦੀ ਹੈ। ਫਿਰ ੨੯ਵੀਂ ਪਉੜੀ ਵੀ ਜੋਗੀਆਂ ਵੱਲੋਂ ਮਿਥੀ ਹੋਈ ਕਰਮਕਾਂਡੀ ਧਰਮ ਮਰਿਯਾਦਾ ਨੂੰ ਨਿਸਫਲ ਦੱਸ ਕੇ ਸਰਬ ਵਿਆਪੀ ਅਕਾਲ ਪੁਰਖ ਦੀ ਸੋਝੀ ਕਰਾਈ ਹੈ। ਸਾਰੇ ਜੀਵਾਂ ਵਿੱਚ ਪ੍ਰਭੂ ਦੀ ਹੋਂਦ ਨੂੰ ਇਕਸਾਰ ਵਿਆਪਕ ਸਮਝਦਿਆਂ ਸਾਰੇ ਜੀਵਾਂ ਨਾਲ ਦਇਆ ਭਰਪੂਰ ਸਮਾਨ ਸਲੂਕ ਕਰਨ ਦਾ ਉਪਦੇਸ਼ ਦੇ ਕੇ ਸਮਝਾਇਆ ਹੈ ਕਿ ਪ੍ਰਭੂ ਸਦਾ ਤੋਂ ਆਪਣੀ ਖੇਡ ਨੂੰ ਸੰਜੋਗ ਵਿਜੋਗ ਦੇ ਅਟੱਲ ਸਿਧਾਂਤ ਨਾਲ ਇਕਸਾਰ ਚਲਾ ਰਿਹਾ ਹੈ। ਦੋਹਾਂ ਪਉੜੀਆਂ ਦੀ ਅੰਤਲੀ ਤੁਕ ਇਸ ਪ੍ਰਕਾਰ ਹੈ:

- ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (੨)

ਭਾਵ, ਉਸ ਪ੍ਰਮਾਤਮਾ ਨੂੰ ਪ੍ਰਣਾਮ ਕਰਨਾ ਚਾਹੀਦਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਜਿਸਦਾ ਕੋਈ ਮੁੱਢ ਨਹੀਂ ਜੋ ਨਾਸ ਰਹਿਤ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ। ਭਾਵ, ਜੋ ਸੰਸਾਰ ਸਿਰਜਣਾ ਦੀ ਪਾਲਣਾ ਦੀ ਅਤੇ ਫਿਰ ਨਾਸ ਕਰਨ ਦੀ ਕਾਰ ਨੂੰ ਆਪਣੇ ਪੱਕੇ ਅਤੇ ਅਟੱਲ ਨਿਯਮ ਅਨੁਸਾਰ ਉਹ ਆਪ ਹੀ ਚਲਾ ਰਿਹਾ ਹੈ।

੩੦ਵੀਂ ਪਉੜੀ ਵਿੱਚ ਇਸ ਬ੍ਰਾਹਮਣੀ ਭਰਮ ਦੀ ਖੰਡਨਾ ਕੀਤੀ ਹੈ ਕਿ ਸ੍ਰਿਸ਼ਟੀ ਦੀ ਰਚਨਾ ਬ੍ਰਹਮਾ ਨੇ ਕੀਤੀ, ਜੀਵਾਂ ਦੀ ਪਾਲਣਾ ਦਾ ਕੰਮ ਵਿਸ਼ਨੂੰ ਨਿਭਾਉਂਦਾ ਅਤੇ ਖ਼ਤਮ ਕਰਨ ਦੀ ਜ਼ਿੰਮੇਵਾਰੀ ਮਹੇਸ਼ ਅਥਵਾ ਸ਼ਿਵਜੀ ਦੇ ਸਿਰ ਹੈ। ਫਿਰ ਨਾਲ ਹੀ ਸਤਿਗੁਰਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੰਸਾਰ ਸਿਰਜਣਾ ਦੀ ਸਾਰੀ ਕਾਰ ਅਕਾਲ ਪੁਰਖ ਆਪ ਆਪਣੀ ਰਜ਼ਾ ਵਿੱਚ ਚਲਾ ਰਿਹਾ ਹੈ। ਫਿਰ ੩੧ਵੀਂ ਪਉੜੀ ਵਿੱਚ ਸਤਿਗੁਰਾਂ ਨੇ ਸਦਾ ਥਿਰ ਸਿਰਜਣਹਾਰ ਦੀ ਉਸ ਅਟੱਲ (ਸੱਚੀ) ਕਾਰ ਦਾ ਸਿਧਾਂਤ ਸਮਝਾਇਆ ਹੈ ਜਿਸ ਦੁਆਰਾ ਸ੍ਰਿਸ਼ਟੀ ਦੇ ਜੀਵਾਂ ਨੂੰ ਪਦਾਰਥਾਂ ਦੇ ਭੰਡਾਰ ਬਖਸ਼ਿਸ਼ ਕਰਕੇ ਜੀਵਾਂ ਦੀ ਪਾਲਣਾ ਕਰਦਾ ਹੈ। ਇਨ੍ਹਾਂ ਪਉੜੀਆਂ ਵਿੱਚ ਸਮਝਾਇਆ ਇਸ ਗੱਲ ਨੂੰ ਦ੍ਰਿੜ੍ਹ ਕਰਾਉਣ ਲਈ ਕਿ ਆਦਿ ਕਾਲ ਤੋਂ ਹੀ ਪ੍ਰਭੂ ਸੰਸਾਰ ਦੀ ਸਮੁੱਚੀ ਕਾਰ ਨੂੰ ਇਕੱਲਾ ਆਪ ਹੀ ਆਪ ਚਲਾ ਰਿਹਾ ਹੈ, ਦੋਹਾਂ ਪਉੜੀਆਂ ਦੀ ਅੰਤਲੀ ਤੁਕ ਲਿਖੀ ਹੈ:

– ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (੨)

ਉਪਰੋਕਤ ਚਾਰ ਪਉੜੀਆਂ ਤੋਂ ਅੱਗੇ ੩ਪਵੀਂ ਪਉੜੀ ਵਿੱਚ ਸਤਿਗੁਰਾਂ ਨੇ ਬੇਅੰਤ ਪ੍ਰਭੂ ਦੇ ਬੇਅੰਤ ਪਸਾਰੇ ਦਾ ਗਿਆਨ ਦੇਣ ਲੱਗਿਆਂ ਵੇਸ ਪਦ ਵਰਤਿਆ ਹੈ:

– ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ (੨)

ਅੱਗੇ ਕਈ ਵੇਸਾਂ ਵਾਲੀਆਂ ਦੇਵੀਆਂ ਦਾ ਜ਼ਿਕਰ ਹੈ:

– ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ (੨)

ਆਸਾ ਦੀ ਵਾਰ ਦੀ ਪੰਜਵੀਂ ਪਉੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਸ ਪਦ ਇਸ ਪ੍ਰਕਾਰ ਵਰਤਿਆ ਹੈ:

– ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥ ਕੋ ਰਹੈ ਨ ਭਰੀਐ ਪਾਈਐ॥ (੪੬੫)

ਭਾਵ, ਜੇ ਕੋਈ ਬਲਵਾਨ ਮਨੁੱਖ ਆਪਣੇ ਪਦ ਵਿੱਚ ਆ ਕੇ ਬੁਢੇਪੇ ਨੂੰ ਪਰੇ ਹਟਾਉਣਾ ਚਾਹੇ ਭਾਵ ਬੁਢੇਪੇ ਤੋਂ ਬਚਣਾ ਚਾਹੇ, ਤਾਂ ਇਹ ਯਤਨ ਫਜੂਲ ਹੈ, ਬੁਢੇਪਾ ਵੇਸ ਧਾਰ ਕੇ ਆ ਹੀ ਜਾਂਦਾ ਹੈ। ਜਦੋਂ ਸੁਆਸ ਪੂਰੇ ਹੋ ਜਾਣ ਤਾਂ ਕੋਈ ਜੀਵ ਇਥੇ ਨਹੀਂ ਰਹਿ ਸਕਦਾ।

ਫਿਰ ਸੋਹਿਲੇ ਦੀ ਬਾਣੀ ਵਿੱਚ ਵੇਸ ਪਦ ਕਰਤਾਰ ਦੇ ਅਨੇਕਾਂ ਸਰੂਪ ਦਰਸਾ ਰਿਹਾ ਹੈ:

– ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥ (੧੨)

ਸੂਹਾ ਵੇਸ

ਹੋਰ ਬੇਅੰਤ ਭਰਮਾਂ ਵਾਂਗ ਹੀ ਬ੍ਰਾਹਮਣ ਨੇ ਲਾਲ ਰੰਗ ਨੂੰ ਸ਼ੁਭ ਘੋਸ਼ਿਤ ਕੀਤਾ ਹੋਇਆ ਸੀ। ਇਸ ਭਰਮ ਦੇ ਕਾਰਨ ਹੀ ਵਿਆਹੁਤਾ ਬੀਬੀ ਲਈ ਉਚੇਚੇ ਤੌਰ 'ਤੇ ਲਾਲ ਕੱਪੜੇ ਬਣਵਾਉਣ ਦਾ ਰਿਵਾਜ ਬਣ ਗਿਆ। ਹਿੰਦੂਆਂ ਵਿੱਚ ਅੱਜ ਵੀ ਜੇ ਕਿਸੇ ਬੀਬੀ ਦਾ ਪਤੀ ਨਾ ਰਹੇ ਉਸ ਲਈ ਲਾਲ ਕੱਪੜੇ ਪਾਉਣੇ ਵੱਡਾ ਪਾਪ ਮੰਨਿਆ ਜਾਂਦਾ ਹੈ। ਮਨੁੱਖ ਦੇ ਮਨ ਨੇ ਬ੍ਰਾਹਮਣੀ ਰੀਤੀ ਰਿਵਾਜ ਦਾ ਏਨਾਂ ਡੂੰਘਾ ਅਸਰ ਕਬੂਲਿਆ ਹੋਇਆ ਹੈ ਕਿ ਭਰਮਾਂ ਵਹਿਮਾਂ ਦਾ ਖੰਡਨ ਕਰਨ ਆਏ ਗੁਰੂ ਨਾਨਕ ਦੇ ਸਿੱਖ ਨੇ ਅਜੇ ਤੱਕ ਇਨ੍ਹਾਂ ਰਿਵਾਜ਼ਾਂ ਤੋਂ ਮੁਕਤੀ ਨਹੀਂ ਪਾਈ।

ਗੁਰਦੇਵ ਨੇ ਲੋਕਾਂ ਅੰਦਰੋਂ ਇਸ ਲਾਲ ਰੰਗ ਵਾਲੇ ਭਰਮ ਨੂੰ ਕੱਢਣ ਲਈ ਵੀ ਉਹੀ ਢੰਗ ਵਰਤਿਆ ਜਿਹੜਾ ਦੇਵੀ ਦੇਵਤਿਆਂ ਵਾਲੇ ਭਰਮ ਨੂੰ ਦੂਰ ਕਰਨ ਲਈ ਵਰਤਿਆ ਸੀ। ਮਨੁੱਖ ਨੂੰ ਜੀਵ ਇਸਤ੍ਰੀ ਦੇ ਰੂਪ ਵਿੱਚ ਅਤੇ ਪ੍ਰਭੂ

ਨੂੰ ਇਸ ਦਾ ਪਤੀ ਜਾਣ ਕੇ ਪਤੀ ਪਿਆਰ ਨਾਲ ਰੰਗੇ ਸ਼ਬਦ ਉਚਾਰੇ ਜਿਨ੍ਹਾਂ ਵਿੱਚ ਸੂਹੇ ਵੇਸ ਅਥਵਾ ਲਾਲ ਰੰਗ ਵਾਲੇ ਚੋਲੇ ਦਾ ਜ਼ਿਕਰ ਕਈ ਵਾਰ ਆਇਆ ਹੈ।

ਸਤਿਗੁਰਾਂ ਨੇ ਕਿਸੇ ਥਾਂ ਵੀ ਬਾਹਰੀ ਲਿਬਾਸ ਨੂੰ ਜਾਂ ਭੇਖ ਨੂੰ ਨਹੀਂ ਸਲਾਹਿਆ। ਹਿਰਦੇ ਨੂੰ ਅਥਵਾ ਆਤਮਿਕ ਜੀਵਨ ਨੂੰ ਪ੍ਰਭੂ ਪਿਆਰ ਦੇ ਰੰਗ ਵਿੱਚ ਰੰਗਣ ਦੀ ਗੱਲ ਹੈ। ਮਨੁੱਖਾ ਦੇਹ ਨੂੰ ਗੁਰਬਾਣੀ ਵਿੱਚ ਇਸ ਲਈ ਮਹੱਤਤਾ ਦਿੱਤੀ ਹੈ ਕਿਉਂਕਿ ਸਿਰਫ਼ ਇਸੇ ਸਰੀਰ ਵਿੱਚ ਆ ਕੇ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਸਕਦਾ ਹੈ। ਇਸ ਨਾਸਵੰਤ ਸਰੀਰ ਦੀ ਪਾਲਣਾ ਦੇ ਮੋਹ ਵਿੱਚ ਪ੍ਰਮਾਤਮਾ ਨੂੰ ਵਿਸਾਰ ਦੇਣਾ ਸਤਿਗੁਰਾਂ ਨੇ ਮੰਦੇ ਭਾਗ ਫੁਰਮਾਨ ਕੀਤਾ ਹੈ। ਗੁਰਬਾਣੀ ਨੇ ਮਨੁੱਖਾ ਦੇਹੀ ਨੂੰ ਕੱਪੜਾ ਵੀ ਕਿਹਾ ਹੈ, **"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥"** ਕਿਸੇ ਚੰਗੇ ਮਨੁੱਖ ਦੇ ਪਹਿਨਣ ਲਈ ਕਿਸੇ ਕੱਪੜੇ ਤੋਂ ਬਣਦੇ ਚੋਲੇ ਦਾ ਜ਼ਿਕਰ ਨਹੀਂ ਹੈ। ਗੁਰਬਾਣੀ ਨੇ ਬਹੁਤਾ ਕਰਕੇ ਚੋਲਾ ਹਿਰਦੇ ਘਰ ਸਰੀਰ ਨੂੰ ਕਿਹਾ ਹੈ। ਜਾਂ ਪ੍ਰਭੂ ਮਿਲਾਪ ਨਾਲ ਉਪਜੀ ਆਤਮਿਕ ਠੰਢ ਅਥਵਾ ਹਿਰਦੇ ਵਿੱਚ ਪ੍ਰਭੂ ਦੇ ਵਾਸ ਨਾਲ ਹੋਏ ਉੱਚੇ ਆਤਮਿਕ ਜੀਵਨ ਨੂੰ ਚੋਲਾ ਫੁਰਮਾਇਆ ਹੈ:

ਜਿਵੇਂ:

– ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ॥ (੪੦੭)

ਹੋਰ ਚੰਗੀ ਤਰ੍ਹਾਂ ਸਪੱਸ਼ਟ ਕਰਨ ਵਾਲੇ ਗੁਰੂ ਸ਼ਬਦ ਇਉਂ ਹਨ:

– ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥ (੭੨੯)

– ਆਵਣ ਜਾਣ ਰਹੇ ਚੂਕਾ ਭੋਲਾ ਰਾਮ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ॥ (੧੧੧੧)

– ਸੰਜੋਗਿ ਮਿਲਾਏ ਸਾਧ ਸੰਗਾਏ॥ ਕਤਹੂ ਨ ਜਾਏ ਘਰਹਿ ਬਸਾਏ॥
ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ॥ (੧੩੦੭)

– ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ॥ ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ॥
ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ॥ (੬੪੬)

– ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥ (੨੩)

ਕਾਮ ਕ੍ਰੋਧ ਦਾ ਭਰਿਆ ਸਰੀਰ ਚੋਲਾ:

– ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ॥
ਇਕਿ ਉਪਜਹਿ ਇਕਿ ਬਿਨਸਿ ਜਾਂਹਿ ਹੁਕਮੇ ਆਵੈ ਜਾਇ॥(੧੪੧੪)

– ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ॥ (੪੮੩)

ਜਿਨ੍ਹਾਂ ਸ਼ਬਦਾਂ ਦੀਆਂ ਤੁਕਾਂ ਵਰਤ ਕੇ ਭੁਲੇਖਾ ਪਾਇਆ ਗਿਆ ਹੈ ਉਹ ਪੂਰੇ ਸ਼ਬਦ ਇਸ ਪ੍ਰਕਾਰ ਹਨ:

– ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥
ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥ਰਹਾਉ॥
ਕਾਇਆ ਰੰਛਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥

ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥ (੭੨੧)

- ਲਾਲੁ ਚੋਲਨਾ ਤੈ ਤਨਿ ਸੋਹਿਆ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ॥
ਕਵਨ ਬਨੀ ਰੀ ਤੇਰੀ ਲਾਲੀ॥ ਕਵਨ ਰੰਗਿ ਤੂੰ ਭਈ ਗੁਲਾਲੀ॥ਰਹਾਉ॥
ਤੁਮ ਹੀ ਸੁੰਦਰਿ ਤੁਮਹਿ ਸੁਹਾਗੁ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥
ਤੂੰ ਸਤਵੰਤੀ ਤੂੰ ਪਰਧਾਨਿ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ॥
ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ॥ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ॥
ਸੁਨਿ ਰੀ ਸਖੀ ਇਹ ਹਮਰੀ ਘਾਲ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ॥ਰਹਾਉ ਦੂਜਾ॥ (੩੮੪)

ਕਿਸੇ ਕੱਪੜੇ ਦੇ ਚੋਲੇ ਨੂੰ ਲਾਲ ਅਤੇ ਸੋਹਣਾ ਨਹੀਂ ਕਿਹਾ, ਹਿਰਦੇ ਵਿੱਚ ਵਸਦੇ ਪ੍ਰਭੂ ਦੇ ਜਲਾਲ ਦੀਆਂ ਕਿਰਨਾਂ ਦਾ ਜ਼ਿਕਰ ਹੈ ਜੋ ਫੁੱਟ ਫੁੱਟ ਕੇ ਸਰੀਰ ਵਿੱਚੋਂ ਬਾਹਰ ਆ ਰਹੀਆਂ ਹੁੰਦੀਆਂ ਹਨ। ਹਿਰਦੇ ਵਿੱਚ ਵਾਪਰੀ ਠੰਢ ਅਤੇ ਅਡੋਲਤਾ ਕਾਰਨ ਖਿੜੇ ਹੋਏ ਚਿਹਰੇ ਦਾ ਦਰਸ਼ਨ ਕਰਾ ਕੇ ਪ੍ਰਭੂ ਚਰਨਾਂ ਨਾਲ ਜੁੜਨ ਦਾ ਉਤਸ਼ਾਹ ਦਿੱਤਾ ਗਿਆ ਹੈ।

ਜੇ ਕਿਸੇ ਇਸਤਰੀ ਨੇ ਕੱਪੜੇ ਤਾਂ ਸੂਹੇ ਪਾਏ ਹੋਣ ਪਰ ਪਿਆਰ ਕਿਸੇ ਪਰਾਏ ਪੁਰਸ਼ ਨਾਲ ਕਰਦੀ ਹੋਵੇ ਤਾਂ ਉਸਨੂੰ ਬੁਰੇ ਆਚਰਣ ਵਾਲੀ ਅਥਵਾ ਮੰਦਕਰਮੀ ਇਸਤਰੀ ਕਿਹਾ ਜਾਂਦਾ ਹੈ। ਏਸੇ ਤਰ੍ਹਾਂ ਜਿਹੜਾ ਮਨੁੱਖ ਲੋਕ ਦਿਖਾਵੇ ਲਈ ਧਾਰਮਿਕ ਪਹਿਰਾਵੇ ਪਾਉਂਦੇ ਹਨ ਅਤੇ ਧਰਮ ਕਰਮ ਕਰਦੇ ਹਨ ਪਰ ਅੰਦਰੋਂ ਮਾਇਆ ਦੇ ਪ੍ਰੇਮੀ ਹਨ ਉਨ੍ਹਾਂ ਨੂੰ ਪ੍ਰਭੂ ਦਰਬਾਰ ਵਿੱਚ ਢੋਈ ਨਹੀਂ ਮਿਲਦੀ:

- ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ॥ ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ॥
ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ॥ ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ॥
ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ॥ ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ॥
ਆਗਿਆਕਾਰੀ ਸਦਾ ਸੋਹਾਗਣਿ ਆਪਿ ਮੇਲੀ ਕਰਤਾਰਿ॥
ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋਹਾਗਣਿ ਨਾਰਿ॥(੭੮੫)

- ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ॥ ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ॥ (੭੮੫)

- ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥
ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ॥
ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ॥
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥ (੭੮੫)

- ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ॥
ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ॥ (੭੮੬)

- ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ॥ ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ॥

ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੁਭਾਇ॥ ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ॥
ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ॥ (੭੮੬)

- ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥
ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ॥
ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥
ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ॥
ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ॥ (੭੮੬)

- ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥ ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ॥
ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ॥ (੭੮੬)

ਅਗਲੇ ਸਲੋਕ ਦੀ ਪਹਿਲੀ ਸਤਰ ਵਿੱਚ ਹੀ ਸਤਿਗੁਰੂ ਅਡੰਬਰੀਆਂ, ਭੇਖੀਆਂ ਅਥਵਾ ਪ੍ਰਚੱਲਤ ਗ੍ਰਿਹਸਤੀ ਲਿਬਾਸ ਦੀ ਥਾਂ ਪੁਰਾਣਕ ਕਾਲ ਤੋਂ ਬ੍ਰਾਹਮਣ ਦਾ ਤੋਰਿਆ ਸਾਧਾਂ ਸੰਤਾਂ ਵਾਲਾ ਠੱਗ ਬਾਣਾ ਉਤਾਰ ਦੇਣ ਦਾ ਉਪਦੇਸ਼ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ ਅਜਿਹੇ ਉਚੇਚੇ ਭੇਖਾਂ ਦੇ ਧਾਰਨ ਕਰਨ ਨਾਲ ਨਾ ਪ੍ਰਭੂ ਨਾਲ ਪਿਆਰ ਬਣ ਸਕਦਾ ਹੈ ਅਤੇ ਨਾ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਅਜਿਹਾ ਮਨਮੁੱਖ ਆਪਣੀ ਮੂਰਖਤਾਈ ਨਾਲ ਉਪਜੀ ਤ੍ਰਿਸ਼ਨਾਂ ਅੱਗ ਕਾਰਨ ਆਤਮਿਕ ਮੌਤ ਸਹੇੜਦਾ ਹੈ। ਅਜਿਹੇ ਭੇਖ ਨੂੰ ਉਹੀ ਉਤਾਰਦਾ ਹੈ ਜਿਹੜਾ ਗੁਰੂ ਗ੍ਰੰਥ ਸਾਹਿਬ ਨੂੰ ਹਿਰਦੇ ਤੋਂ ਗੁਰੂ ਮੰਨ ਕੇ ਅੰਦਰ ਦੀ ਹਉਮੈ ਨੂੰ ਮਾਰ ਲੈਂਦਾ ਹੈ। ਅਜਿਹੇ ਮਨੁੱਖ ਦਾ ਮਨ ਅਤੇ ਤਨ ਪ੍ਰਭੂ ਪਿਆਰ ਵਿੱਚ ਰੰਗਿਆ ਜਾਂਦਾ ਹੈ ਅਤੇ ਉਸਦੀ ਜੀਭ ਪ੍ਰਭੂ ਦੇ ਸ੍ਰੇਸ਼ਟ ਗੁਣਾਂ ਵਾਲਾ ਸਿਮਰਨ ਕਰਦੀ ਹੈ।

- ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ॥
ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ॥
ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ॥
ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ॥ ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ॥
ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ॥ (੭੮੭)

- ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ॥ ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ॥
ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ॥ ਨਾਨਕ ਸਾ ਧਨ ਰਾਵੀਐ ਰਾਵੇ ਰਾਵਣਹਾਰੁ॥ (੭੮੭)

- ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥ (੫੩)

- ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ (੧੩੮੦)

ਉਪਰਲੇ ਗੁਰਬਾਣੀ ਸ਼ਬਦਾਂ ਵਿੱਚ ਅਸਾਂ ਭੇਖੀਆਂ ਬਾਰੇ ਗੁਰੂ ਉਪਦੇਸ਼ ਸਮਝਣ ਦਾ ਯਤਨ ਕੀਤਾ ਹੈ। ਭੇਖੀ ਤੋਂ ਸੁਚੇਤ ਰਹਿ ਕੇ ਗੁਰਮਤਿ ਨਾਲ ਜੁੜੇ ਰਹਿਣਾ ਗੁਰਸਿੱਖ ਦਾ ਪਰਮ ਧਰਮ ਹੈ ਪਰ ਉਸ ਨਾਲੋਂ ਟੁੱਟ ਕੇ ਕਿਸੇ ਡੇਰੇ ਨਾਲ ਜੁੜਨਾ ਬਿਪ੍ਰਨ ਕੀ ਰੀਤਿ ਦੇ ਧਾਰਨੀ ਬਣਨਾ ਹੈ। ਡੇਰਾਵਾਦ ਇੱਕ ਮਾਇਆ ਦਾ ਖ਼ਤਰਨਾਕ ਰੂਪ ਹੈ, ਇਸ ਨਾਲ ਜੁੜ੍ਹਨਾ ਇਉਂ ਸਮਝੋ:

– ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ ॥ (੪੭੦)

ਭੇਖ ਅਥਵਾ ਭੇਖੀਆਂ ਬਾਰੇ ਬੇਅੰਤ ਸ਼ਬਦਾਂ ਵਿੱਚੋਂ ਕੁਝ ਕੁ ਇਸ ਪ੍ਰਕਾਰ ਹਨ:

– ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥ ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (੬੧)

– ਅਨਿਕ ਭੇਖ ਅਰੁ ਛਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ॥
ਕਹੁ ਨਾਨਕ ਕਿਰਪਾ ਭਈ ਭਗਤੁ ਛਿਆਨੀ ਸੋਇ॥ (੨੫੧)

– ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥ (੨੬੯)

– ਬਸਤ੍ਰ ਹਮਾਰੇ ਰੰਗਿ ਚਲੂਲ॥ ਸਗਲ ਆਭਰਣ ਸੋਭਾ ਕੰਠਿ ਫੂਲ॥
ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ॥ ਦੁਸਟ ਦੂਤ ਕੀ ਚੂਕੀ ਕਾਨਿ॥ (੩੭੨)

– ਬਹੁ ਭੇਖ ਕੀਆ ਦੇਹੀ ਦੁਖੁ ਦੀਆ॥ (੪੬੭)

– ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥ (੫੨੫)

– ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰ॥ਰਹਾਉ॥
ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ॥ (੫੩੪)

– ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ॥
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ॥ (੫੮੬)

– ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥
ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥ (੫੮੮)

– ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥ (੬੪੪)

– ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ॥ (੬੫੦)

– ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ॥ (੭੩੨)

– ਬਹੁਤੇ ਭੇਖ ਕਰਹਿ ਭੇਖਧਾਰੀ॥ ਭਵਿ ਭਵਿ ਭਰਮਹਿ ਕਾਚੀ ਸਾਰੀ॥ (੮੪੨)

– ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ ਭ੍ਰਮ ਕੈ ਭਾਇ ਭਵੈ ਭੇਖਧਾਰੀ॥
ਆਸਨੁ ਪਵਨ ਦੂਰਿ ਕਰਿ ਬਵਰੇ॥ ਛੋਡਿ ਕਪਟੁ ਨਿਤ ਹਰਿ ਭਜੁ ਬਵਰੇ॥ (੮੫੬)

– ਭੇਖ ਕਰਹਿ ਖਿੰਥਾ ਬਹੁ ਥਟੂਆ॥ ਝੂਠੋ ਖੇਲੁ ਖੇਲੈ ਬਹੁ ਨਟੂਆ॥ (੯੦੩)

- ਇਕਿ ਭੇਖ ਕਰਹਿ ਫਿਰਹਿ ਅਭਿਮਾਨੀ ਤਿਨ ਜੂਐ ਬਾਜੀ ਹਾਰੀ॥ (੯੧੧)

- ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ॥ ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥ (੧੦੧੨)

- ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥ ਦੂਜੈ ਭਾਇ ਘਣਾ ਦੁਖੁ ਆਗੈ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ॥ (੧੦੫੨)

- ਮਨਹਠਿ ਕਰਮ ਕਰੇ ਸੋ ਛੀਜੈ॥ ਬਹੁਤੇ ਭੇਖ ਕਰੇ ਨਹੀ ਭੀਜੈ॥
ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ॥ (੧੦੫੯)

- ਬਹੁਤੇ ਭੇਖ ਕਰੇ ਭੇਖਧਾਰੀ॥ ਬਿਨੁ ਸਬਦੈ ਹਉਮੈ ਕਿਨੈ ਨ ਮਾਰੀ॥
ਜੀਵਤੁ ਮਰੈ ਤਾ ਮੁਕਤਿ ਪਾਏ ਸਚੈ ਨਾਇ ਸਮਾਇਆ॥ (੧੦੬੭)

- ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ॥ ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ॥ (੧੦੮੯)

- ਖਟੁ ਦਰਸਨੁ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ॥ ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ॥
ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ॥ ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥ ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ॥ (੧੦੯੯)

- ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥
ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ॥ (੧੧੨੭)

- ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ॥
ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ॥ (੧੧੩੧)

- ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ॥
ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ॥ (੧੧੩੨)

- ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ॥ ਬਹੁ ਅਭਿਮਾਨਿ ਅਪਣੀ ਪਤਿ ਖੋਇ॥ (੧੧੭੫)

- ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ॥ ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ॥
ਸਾਹਿਬ ਸਬਦੁ ਨ ਊਚਰੈ ਮਾਇਆ ਮੋਹ ਪਸਾਰੀ॥ ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ॥
ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ॥ (੧੨੪੩)

- ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥ (੧੨੯੦)

- ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ॥
ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ ਉਪਦੇਸਿ
ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ॥ (੧੨੯੭)

– ਅਨਿਕ ਸ੍ਵਾਂਗ ਕਾਛੇ ਭੇਖਧਾਰੀ॥ ਜੈਸੋ ਸਾ ਤੈਸੋ ਦ੍ਰਿਸਟਾਰੀ॥ (੧੨੯੯)

– ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥ (੬੮)

– ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥ (੧੪੮)

– ਕਾਜੀ ਸੇਖ ਭੇਖ ਫਕੀਰਾ॥ ਵਡੇ ਕਹਾਵਹਿ ਹਉਮੈ ਤਨਿ ਪੀਰਾ॥ (੨੨੭)

– ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥ (੫੯੩)

– ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥ (੫੯੮)

ਸ਼ਿੰਗਾਰ

ਲੰਪਟੀ ਬ੍ਰਾਹਮਣ ਨੇ ਸੁੰਦਰ ਇਸਤਰੀਆਂ ਨੂੰ ਚੰਗੇ ਹਾਰ ਸ਼ਿੰਗਾਰ ਅਤੇ ਸੁਗੰਧੀਆਂ ਲਾ ਕੇ ਦੇਵਤੇ ਦੀ ਮੂਰਤੀ ਸਾਹਮਣੇ ਨਚਾਉਣਾ ਵੀ ਧਰਮ ਦਾ ਅੰਗ ਬਣਾ ਲਿਆ ਸੀ ਜੋ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚੱਲਤ ਹੈ। ਕ੍ਰਿਸ਼ਨ ਜੀ ਨੂੰ ਮਿਲਣ ਜਾਣ ਵਾਲੀਆਂ ਗੋਪੀਆਂ ਦੇ ਹਾਰ ਸ਼ਿੰਗਾਰ ਦਾ ਜ਼ਿਕਰ ਧਰਮ ਗ੍ਰੰਥਾਂ ਵਿੱਚ ਮਿਲਦਾ ਹੈ। ਸਾਧ ਟੋਲਿਆਂ ਦੇ ਭਾਂਤ-ਭਾਂਤ ਦੇ ਬਾਣੇ ਦੀ ਬ੍ਰਾਹਮਣ ਦੀ ਦੇਣ ਹਨ। ਜਿਵੇਂ ਆਪਣੀ ਅੰਦਰ ਦੀ ਕਮਜ਼ੋਰੀ ਨੂੰ ਲੁਕਾ ਕੇ ਆਪਣੀ ਉੱਚਤਾ ਦਾ ਭਰਮ ਪਾਉਣ ਲਈ ਸੰਤ ਬਾਣੇ ਵਰਤੇ ਜਾਂਦੇ ਹਨ ਏਸੇ ਤਰ੍ਹਾਂ ਹੀ ਆਪਣੇ ਸਰੀਰ ਨੂੰ ਵੱਧ ਆਕਰਸ਼ਕ ਬਣਾਉਣ ਲਈ ਅਥਵਾ ਸਰੀਰ ਦੀ ਕਰੂਪਤਾ ਨੂੰ ਲੁਕਾਉਣ ਲਈ ਸ਼ਿੰਗਾਰ ਭੇਖ (Make up) ਕੀਤਾ ਜਾਂਦਾ ਹੈ। ਪਤੀ ਨੂੰ ਰੀਝਾਉਣ ਵਾਸਤੇ ਸ਼ਿੰਗਾਰ ਕਰਨ ਵਾਲੀਆਂ ਇਸਤਰੀਆਂ ਸੋਭਾ ਪਾਉਣ ਲੱਗ ਪਈਆਂ। ਬ੍ਰਾਹਮਣ ਨੇ ਹਾਰ ਸ਼ਿੰਗਾਰ ਵੀ ਧਰਮ ਦਾ ਅੰਗ ਬਣਾ ਦਿੱਤਾ ਅਤੇ ਸਮਾਜ ਵਿੱਚ ਸੋਨਾ ਖਰੀਦਣ ਦੀ ਦੌੜ ਲੱਗ ਗਈ।

ਗੁਰਦੇਵ ਨੇ ਧਰਮ ਵਿੱਚ ਰਲੇ ਨਾਚ ਗਾਣੇ, ਅਜਿਹੇ ਵਿਖਾਵੇ ਵਾਲੇ ਹਾਰ ਸ਼ਿੰਗਾਰ ਅਤੇ ਸਰੀਰ ਨੂੰ ਸੁਗੰਧੀਆਂ ਲਾਉਣ ਵਰਗੇ ਰਸਾਂ ਦੀ ਖੰਡਨਾ ਕੀਤੀ ਹੈ। ਜੀਵ ਇਸਤਰੀ ਨੂੰ ਸ਼ੁਭ ਗੁਣਾਂ ਦਾ ਸ਼ਿੰਗਾਰ ਕਰਕੇ ਪ੍ਰਭੂ ਪਤੀ ਨੂੰ ਰੀਝਾਉਣ ਦੀ ਜਾਚ ਸਿਖਾਉਣ ਲਈ ਲਿਖੇ ਬੇਅੰਤ ਸ਼ਬਦ ਮੌਜੂਦ ਹਨ:

– ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥ (੧੭)

– ਭੈ ਭਾਇ ਸੀਗਾਰੁ ਬਣਾਏ॥ ਗੁਰ ਪਰਸਾਦੀ ਮਹਲੁ ਘਰੁ ਪਾਏ॥
ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ॥ (੧੧੨)

– ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥ ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ॥
ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ॥
ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ॥ ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ॥
ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ॥ (੪੦੦)

– ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥
ਲਾਲ ਬਹੁ ਗੁਣਿ ਕਾਮਣਿ ਮੋਹੀ॥ ਤੇਰੇ ਗੁਣ ਹੋਹਿ ਨ ਅਵਰੀ॥ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥

ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥ (੩੫੯)

- ਹਉਮੈ ਖੋਇ ਕਰੇ ਸੀਗਾਰੁ॥ ਤਉ ਕਾਮਣਿ ਸੇਜੈ ਰਵੈ ਭਤਾਰੁ॥ (੩੫੭)

ਸੁਹਜ ਸ਼ਿੰਗਾਰ ਵਿੱਚ ਮਹਿੰਦੀ ਨਾਲ ਹੱਥ ਪੈਰ ਰੰਗਣ ਦਾ ਸ਼ੁਭ ਸ਼ਗਨ ਬਣ ਚੁੱਕਾ ਸੀ। ਏਧਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਿੰਦੀ ਬਾਰੇ ਫੁਰਮਾਨ ਇੰਜ ਹੈ:

- ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥
ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ॥ (੯੪੭)

- ਨਾਨਕ ਮਹਿਦੀ ਕਰਿ ਕੈ ਰਖਿਆ ਸੋ ਸਹੁ ਨਦਰਿ ਕਰੇਇ॥ ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ॥
ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ (੯੪੭)

ਨਾਮ ਬਿਹੂਣੇ ਦਾ ਸ਼ਿੰਗਾਰ

ਹਾਰ ਸ਼ਿੰਗਾਰ ਕਰਨ ਵਾਸਤੇ ਕੀਮਤੀ ਸਮੱਗਰੀਆਂ, ਗਹਿਣੇ, ਹੀਰੇ, ਮੋਤੀ ਅਤੇ ਪਹਿਨਣ ਲਈ ਕੀਮਤੀ ਕੱਪੜੇ ਆਦਿ, ਨਾਮ ਦੀ ਅਣਹੋਂਦ ਕਾਰਨ ਆਤਮਿਕ ਸੁੱਖ ਨਹੀਂ ਦੇ ਸਕਦੇ:

- ਚੋਆ ਚੰਦਨੁ ਅੰਕਿ ਚੜਾਵਉ॥ ਪਾਟ ਪਟੰਬਰ ਪਹਿਰਿ ਹਢਾਵਉ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥ ਕਿਆ ਪਹਿਰਉ ਕਿਆ ਓਢਿ ਦਿਖਾਵਉ॥
ਬਿਨੁ ਜਗਦੀਸ ਕਹਾ ਸੁਖੁ ਪਾਵਉ॥ਰਹਾਉ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥ ਲਾਲ ਨਿਹਾਲੀ ਫੂਲ ਗੁਲਾਲਾ॥
ਬਿਨੁ ਜਗਦੀਸ ਕਹਾ ਸੁਖੁ ਭਾਲਾ॥
ਨੈਨ ਸਲੋਨੀ ਸੁੰਦਰ ਨਾਰੀ॥ ਖੋੜ ਸੀਗਾਰ ਕਰੈ ਅਤਿ ਪਿਆਰੀ॥
ਬਿਨੁ ਜਗਦੀਸ ਭਜੇ ਨਿਤ ਖੁਆਰੀ॥ (੨੨੫)

- ਜਉ ਮੈ ਕੀਓ ਸਗਲ ਸੀਗਾਰਾ॥ ਤਉ ਭੀ ਮੇਰਾ ਮਨੁ ਨ ਪਤੀਆਰਾ॥
ਅਨਿਕ ਸੁਗੰਧਤ ਤਨ ਮਹਿ ਲਾਵਉ॥ ਓਹੁ ਸੁਖੁ ਤਿਲੁ ਸਮਾਨਿ ਨਹੀ ਪਾਵਉ॥
ਮਨ ਮਹਿ ਚਿਤਵਉ ਐਸੀ ਆਸਾਈ॥ ਪ੍ਰਿਅ ਦੇਖਤ ਜੀਵਉ ਮੇਰੀ ਮਾਈ॥ (੩੭੩)

- ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ॥
ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥
ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ॥
ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ॥ (੫੬੧)

ਮਨਮੁਖ ਦਾ ਸ਼ਿੰਗਾਰ

- ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ॥
ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ॥ (੮੩੬)

- ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥

ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥
ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ॥ (੯੫੦)

- ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥ ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ॥ (੭੧੨)

- ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ॥
ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥ (੯੪੪)

ਸਾਦੇ ਅਤੇ ਸਵੱਛ ਬਸਤਰ ਪਾ ਕੇ ਗੁਰੂ ਦਰਬਾਰ ਵਿੱਚ ਆਉਣ ਦਾ ਹੁਕਮ ਗੁਰੂ ਮਹਾਰਾਜ ਦੇ ਸਮੇਂ ਤੋਂ ਹੋ ਚੁੱਕਾ ਹੈ। ਭੜਕਾਊ ਲਿਬਾਸ ਪਾ ਕੇ, ਗਹਿਣੇ ਪਾ ਕੇ ਅਥਵਾ ਹੋਰ ਕਿਸੇ ਪ੍ਰਕਾਰ ਦਾ ਸ਼ਿੰਗਾਰ ਕਰਕੇ ਗੁਰੂ ਦਰਬਾਰ ਨਹੀਂ ਆਉਣਾ ਚਾਹੀਦਾ। ਗੁਰੂ ਦਰਬਾਰ ਨੂੰ ਕ੍ਰਿਸ਼ਨ ਭਗਵਾਨ ਦਾ ਲੀਲ੍ਹਾ ਮੰਦਰ ਨਹੀਂ ਬਣਾਉਣਾ ਚਾਹੀਦਾ, ਇਹ ਬਿਪ੍ਰਨ ਕੀ ਰੀਤ ਹੀ ਹੋਵੇਗੀ।

ਨੱਚਣਾ (ਨਾਚ) ਅਤੇ ਗੁਰਮਤ

ਭਾਵੇਂ ਭੇਖ ਨਾਲ ਨਾਚ ਦਾ ਘੱਟ ਸੰਬੰਧ ਹੈ ਪਰ ਇਸਦਾ ਸ਼ਿੰਗਾਰ ਨਾਲ ਡੂੰਘਾ ਸੰਬੰਧ ਹੋਣ ਕਰਕੇ ਅੱਡਰੇ ਤੌਰ 'ਤੇ ਗੁਰਮਤਿ ਦੀ ਕਸਵੱਟੀ ਤੇ ਪਰਖਣਾ ਜ਼ਰੂਰੀ ਹੈ। ਅਸਲ ਵਿੱਚ ਨਾਚ ਵੀ ਮਨੋਰੰਜਨ ਅਥਵਾ ਤਮਾਸ਼ਬੀਨੀ ਦਾ ਹੀ ਸਾਧਨ ਹੈ। ਨਾਚ ਰੰਗ ਦੀਆਂ ਮਹਿਫਲਾਂ ਦਾ ਮਸ਼ਹੂਰ ਅੱਡਾ ਵੇਸਵਾ ਦਾ ਹੀ ਕੋਠਾ ਸਮਝਿਆ ਜਾਂਦਾ ਰਿਹਾ ਹੈ। ਹਜ਼ਾਰਾਂ ਸਾਲਾਂ ਤੋਂ ਲੋਕਾਂ ਨੇ ਇਸਤਰੀ ਜਾਤੀ ਨੂੰ ਵੇਸਵਾ ਦਾ ਰੂਪ ਦੇ ਕੇ ਉਸਦਾ ਨਾਚ ਵੇਖਣਾ ਅਰੰਭਿਆ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਪੜ੍ਹੇ ਲਿਖੇ ਸਮਾਜ ਨੇ ਇਸ ਨੂੰ ਆਰਟ ਦਾ ਨਾਮ ਦੇ ਦਿੱਤਾ ਹੈ ਅਤੇ ਅਮੀਰਜ਼ਾਦਿਆਂ ਨੇ ਇਸ ਨੂੰ ਸੁਸਾਇਟੀ ਦਾ ਅੰਗ ਮੰਨ ਲਿਆ ਹੈ।

ਕਾਮੀ ਅਤੇ ਤਮਾਸ਼ਬੀਨ ਬ੍ਰਾਹਮਣ ਨੇ ਧਰਮ ਗ੍ਰੰਥਾਂ ਦੀ ਵਰਤੋਂ ਕਰਕੇ ਪਹਿਲਾਂ ਮਾਸ ਸ਼ਰਾਬ ਨੂੰ ਧਰਮ ਮੰਦਰਾਂ ਦੀ ਸੋਭਾ ਬਣਾਇਆ, ਫਿਰ ਪੱਥਰਾਂ ਨਾਲ ਬੱਚੀਆਂ ਦੀ ਸ਼ਾਦੀ ਕਰਵਾ ਕੇ ਉਨ੍ਹਾਂ ਨੂੰ ਰਾਜਮਣੀਆਂ ਬਣਾਇਆ ਅਤੇ ਨਾਚ ਗਾਣੇ ਨੂੰ ਵੀ ਭਗਤੀ ਦਾ ਅੰਗ ਦੱਸਕੇ ਮੰਦਰਾਂ ਨੂੰ ਪੂਰਨ ਤੌਰ 'ਤੇ ਮਨੋਰੰਜਨ ਦਾ ਅੱਡਾ ਬਣਾ ਲਿਆ। ਕ੍ਰਿਸ਼ਨ ਨੂੰ ਨਿਰਾ ਨਾਚ ਵੇਖਣ ਅਤੇ ਗਾਣੇ ਸੁਣਨ ਦਾ ਰਸੀਆ ਹੀ ਨਹੀਂ ਦੱਸਿਆ ਸਗੋਂ ਉਸ ਕੋਲੋਂ ਵੀ ਨਾਚ ਕਰਵਾਇਆ ਅਤੇ ਉਸਨੂੰ ਇਸਤਰੀਆਂ ਦੇ ਝੁਰਮਟ ਵਿੱਚ ਨੱਚਦਾ, ਹੋਲੀਆਂ ਖੇਡਦਾ ਖੁੱਲ੍ਹ ਕੇ ਦਰਸਾਇਆ ਹੈ। ਸ਼ਿਵ ਜੀ ਨੂੰ ਵੀ ਨਿਰਾ ਕਾਮ ਤ੍ਰਿਸ਼ਨਾ ਦੀ ਤ੍ਰਿਪਤੀ ਲਈ ਨਹੀਂ ਸੀ ਵਰਤਿਆ ਸਗੋਂ ਨਾਚ ਕਰਨ ਦਾ ਵੀ ਡਾਢਾ ਸ਼ੌਕੀਨ ਦਰਸਾਇਆ ਹੈ। ਸ਼ਿਵਲਿੰਗ ਦੀ ਪੂਜਾ ਵੀ ਇਸੇ ਵਿਧਾਨ ਹੇਠ ਆਉਂਦੀ ਹੈ।

ਵਿੱਦਿਆ ਤੋਂ ਕੋਰੇ ਮਨੁੱਖ ਨੇ ਕਾਮ ਵਾਸ਼ਨਾ ਨੂੰ ਉਭਾਰਨ ਵਾਲੇ ਇਸ ਸਭ ਕੁਝ ਨੂੰ ਵੀ ਈਸ਼ਵਰੀ ਭਗਤੀ ਦਾ ਸਾਧਨ ਮੰਨ ਲਿਆ। ਮੰਦਰਾਂ ਵਿੱਚ ਬੀਬੀਆਂ ਦੇ ਨਾਚ ਗਾਣੇ ਅੱਜ ਵੀ ਭਗਤੀ ਦਾ ਅੰਗ ਬਣੇ ਫ਼ਿਲਮਾਏ ਜਾਂਦੇ ਹਨ। ਟੀਵੀ ਦੀ ਸਕਰੀਨ ਤੇ ਅਤੇ ਡਰਾਮਿਆਂ ਦੀਆਂ ਸਟੇਜ਼ਾਂ ਹਾਰ ਸ਼ਿੰਗਾਰ ਨਾਲ ਲੱਦੀਆਂ ਬੀਬੀਆਂ ਦੇ ਨਾਚ ਗਾਣਿਆਂ ਨਾਲ ਕਾਮ ਦੇਵਤੇ ਨੂੰ ਭੜਕਾਊ ਆਹਾਰ ਦੇ ਰਹੀਆਂ ਹੁੰਦੀਆਂ ਹਨ।

ਨਾਚ ਗਾਣੇ ਨਾਲ ਪ੍ਰਮਾਤਮਾ ਨੂੰ ਖੁਸ਼ ਕਰਨ ਵਾਲੇ ਭਰਮ ਨੂੰ ਦੂਰ ਕਰਨ ਲਈ ਗੁਰਦੇਵ ਨੇ ਕਈ ਸ਼ਬਦ ਉਚਾਰੇ ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਹਨ। ਮਾਇਆ ਗ੍ਰਸੇ ਰਾਸਧਾਰੀਆਂ ਨੂੰ ਨੱਚਦਿਆਂ ਗਾਉਂਦਿਆਂ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਿਆ:

- ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨ੍ਹਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥

ਗਾਵਨਿ ਗੋਪੀਆ ਗਾਵਨਿ ਕਾਨ੍॥ ਗਾਵਨਿ ਸੀਤਾ ਰਾਜੇ ਰਾਮ॥
ਨਿਰਭਉ ਨਿਰੰਕਾਰੁ ਸਚੁ ਨਾਮੁ॥ ਜਾ ਕਾ ਕੀਆ ਸਗਲ ਜਹਾਨੁ॥
ਸੇਵਕ ਸੇਵਹਿ ਕਰਮਿ ਚੜਾਉ॥ ਭਿੰਨੀ ਰੈਣਿ ਜਿਨ੍ਹਾ ਮਨਿ ਚਾਉ॥
ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥
ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥
ਲਾਟੂ ਮਾਧਾਣੀਆ ਅਨਗਾਹ॥ ਪੰਖੀ ਭਉਦੀਆ ਲੈਨਿ ਨ ਸਾਹ॥
ਸੂਐ ਚਾੜਿ ਭਵਾਈਅਹਿ ਜੰਤ॥ ਨਾਨਕ ਭਉਦਿਆ ਗਣਤ ਨ ਅੰਤ॥
ਬੰਧਨ ਬੰਧਿ ਭਵਾਏ ਸੋਇ॥ ਪਇਐ ਕਿਰਤਿ ਨਚੈ ਸਭੁ ਕੋਇ॥
ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡਿ ਨ ਜਾਹੀ ਸਿਧ ਨ ਹੋਹਿ॥
ਨਚਣੁ ਕੁਦਣੁ ਮਨ ਕਾ ਚਾਉ॥ ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ॥ (੪੬੫)

– ਵਾਜਾ ਮਤਿ ਪਖਾਵਜੁ ਭਾਉ॥ ਹੋਇ ਅਨੰਦੁ ਸਦਾ ਮਨਿ ਚਾਉ॥
ਏਹਾ ਭਗਤਿ ਏਹੋ ਤਪ ਤਾਉ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥
ਪੂਰੇ ਤਾਲ ਜਾਣੈ ਸਾਲਾਹ॥ ਹੋਰੁ ਨਚਣਾ ਖੁਸੀਆ ਮਨ ਮਾਹ॥ਰਹਾਉ॥
ਸਤੁ ਸੰਤੋਖੁ ਵਜਹਿ ਦੁਇ ਤਾਲ॥ ਪੈਰੀ ਵਾਜਾ ਸਦਾ ਨਿਹਾਲ॥
ਰਾਗੁ ਨਾਦੁ ਨਹੀ ਦੂਜਾ ਭਾਉ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥
ਭਉ ਫੇਰੀ ਹੋਵੈ ਮਨ ਚੀਤਿ॥ ਬਹਦਿਆ ਉਠਦਿਆ ਨੀਤਾ ਨੀਤਿ॥
ਲੇਟਣਿ ਲੇਟਿ ਜਾਣੈ ਤਨੁ ਸੁਆਹੁ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥
ਸਿਖ ਸਭਾ ਦੀਖਿਆ ਕਾ ਭਾਉ॥ ਗੁਰਮੁਖਿ ਸੁਣਣਾ ਸਾਚਾ ਨਾਉ॥
ਨਾਨਕ ਆਖਣੁ ਵੇਰਾ ਵੇਰ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ॥ (੩੫੦)

ਜਿਸ ਕੋਝੀ ਭੁੱਖ ਨੂੰ ਮਿਟਾਉਣ ਵਾਸਤੇ ਬ੍ਰਾਹਮਣ ਨੇ ਦੁਰਾਚਾਰ ਵਿੱਚ ਰੰਗਿਆ ਰਾਗ ਅਤੇ ਨਾਚ ਰਾਜਮਣੀਆਂ ਸਮੇਤ ਧਰਮ ਅਸਥਾਨਾਂ ਵਿੱਚ ਲਿਆ ਵਾੜਿਆ ਸੀ, ਉਸ ਸਭ ਕੁਝ ਨੂੰ ਜਦ ਅਰੰਭਕ ਸਮੇਂ ਦੇ ਮਨੁੱਖ ਨੇ ਹੀ ਰੱਬੀ ਹੁਕਮ ਮੰਨ ਕੇ ਸ਼ਰਧਾ ਬਣਾ ਲਈ ਸੀ ਤਾਂ ਉਸਨੂੰ ਅਗਲੀ ਕਿਸੇ ਪੀਹੜੀ ਨੇ ਕਿੰਤੂ ਕਿਵੇਂ ਕਰ ਸਕਣਾ ਸੀ? ਗੁਰੂ ਨਾਨਕ ਦੇਵ ਜੀ ਨੇ ਬੜੇ ਮਿੱਠੇ ਢੰਗ ਨਾਲ ਨਾਚ ਨੂੰ ਖੰਡਨ ਕੀਤਾ ਹੈ।

ਹਜ਼ੂਰ ਨੇ ਰਾਗ ਨੂੰ ਸਿਰਫ਼ ਗੁਰਮਤਿ ਪ੍ਰਚਾਰ ਦੇ ਸਾਧਨ ਵਜੋਂ ਵਰਤਿਆ ਜ਼ਰੂਰ ਸੀ ਪਰ ਕਿਸੇ ਮਨੁੱਖ ਦੀ ਕਦਰ ਸਿਰਫ਼ ਰਾਗ ਵਿੱਦਿਆ ਵਿੱਚ ਨਿਪੁੰਨ ਹੋਣ ਕਰਕੇ ਕਦੇ ਨਹੀਂ ਕੀਤੀ। ਅਨਮਤੀ ਰਾਗੀਆਂ ਨੂੰ ਇਸ ਕਰਕੇ ਸਤਿਕਾਰਿਆ ਕਿਉਂਕਿ ਉਨ੍ਹਾਂ ਨੇ ਗੁਰੂ ਆਸ਼ੇ ਅਨੁਸਾਰ ਰਾਗ ਵਿੱਚ ਗੁਰਬਾਣੀ ਗਾਉਣੀ ਸਿੱਖ ਲਈ ਸੀ। ਜਿਸ ਨੂੰ ਗੁਰਬਾਣੀ ਨਹੀਂ ਸੀ ਆਉਂਦੀ ਉਹ ਭਾਵੇਂ ਰਾਗ ਵਿੱਦਿਆ ਦਾ ਮਹਾਂ ਗਿਆਨੀ ਅਤੇ ਬੜੇ ਮਿੱਠੇ ਗਲੇ ਵਾਲਾ ਵੀ ਕਿਉਂ ਨਾ ਹੋਵੇ ਉਸ ਨੂੰ ਗੁਰੂ ਦਰਬਾਰ ਵਿੱਚ ਕਿਸੇ ਪ੍ਰਕਾਰ ਦਾ ਧਾਰਮਿਕ ਗੀਤ ਗਾਉਣ ਦੀ ਆਗਿਆ ਵੀ ਕਦੇ ਨਹੀਂ ਸੀ ਮਿਲੀ। ਸਿਰਫ਼ ਢਾਡੀਆਂ ਨੂੰ ਜੰਗੀ ਵਾਰਾਂ ਗਾਉਣ ਦੀ ਆਗਿਆ ਸੀ।

ਪੇਸ਼ਾਵਰ ਰਾਗੀਆਂ ਨੇ ਜਦ ਆਪਣੀ ਰਾਗ ਵਿੱਦਿਆ ਦਾ ਹੰਕਾਰ ਕਰਨਾ ਅਰੰਭ ਕੀਤਾ ਤਾਂ ਹਜ਼ੂਰ ਨੇ ਉਹੀ ਸੇਵਾ ਨਿਭਾਉਣ ਵਾਸਤੇ ਸਿੱਖਾਂ ਨੂੰ ਉਤਸ਼ਾਹ ਦਿੱਤਾ। ਪਰ ਇਸ ਖ਼ਤਰੇ ਨੂੰ ਮੁੱਖ ਰੱਖ ਕੇ ਕਿਤੇ ਗੁਰੂ ਦਾ ਸਿੱਖ ਰਾਗ ਨਾਲ ਹੀ ਨਾ ਜੁੜ ਜਾਏ, ਕਦੇ ਰਾਗ ਕਰਕੇ ਹੀ ਕਿਸੇ ਦੀ ਕਦਰ ਨਾ ਕਰਨ ਲੱਗ ਪਏ ਕਿਸੇ ਰਾਗ ਨੂੰ ਸਿੱਖ ਧਰਮ ਦਾ ਹਿੱਸਾ ਹੀ ਨਾ ਮੰਨ ਲਿਆ ਜਾਵੇ, ਹਜ਼ੂਰ ਨੇ ਨਾਚ ਦੇ ਨਾਲ ਰਾਗ ਦੇ ਵਿਰੁੱਧ ਵੀ ਸ਼ਬਦ ਰਚੇ। ਰਾਗ ਨੂੰ ਵੀ ਪ੍ਰਭੂ ਭਗਤੀ ਦਾ ਸਾਧਨ ਮੰਨਣ ਦੀ ਖੰਡਣਾ ਕੀਤਾ:

– ਸਚਾ ਅਲਖ ਅਭੇਉ ਹਠਿ ਨ ਪਤੀਜਈ॥ ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥ ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ॥

ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ॥ ਕਰਮ ਵਧਹਿ ਕੈ ਲੋਅ ਖਪਿ ਮਰੀਜਈ॥
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ॥ ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ॥ (੧੨੮੫)

ਗੁਰਦੇਵ ਨੇ ਸਾਜ ਵਜਾਉਣ ਦੀ ਅਤੇ ਨੱਚਣ ਦੀ ਸਹੀ ਜਾਚ ਇਸ ਸ਼ਬਦ ਦੁਆਰਾ ਸਿਖਾਈ ਹੈ:

– ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ॥ ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥ਰਹਾਉ॥
ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥
ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ॥ ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ॥
ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ॥
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ॥ (੩੮੧)

– ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ॥
ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ॥
ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ॥
ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ॥ (੮੩੪)

– ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥ ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥
ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ॥ਰਹਾਉ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥ (੯੯੧)

– ਅਬ ਮੋਹਿ ਨਾਚਨੋ ਨ ਆਵੈ॥ ਮੇਰਾ ਮਨੁ ਮੰਦਰੀਆ ਨ ਬਜਾਵੈ॥ (੪੯੩)

ਹੁਣ ਮੈਨੂੰ ਮਾਇਆ ਦੇ ਲੋਭ ਅਧੀਨ ਭਟਕਣ ਵਾਲੀ ਨਿਰਤਕਾਰੀ ਕਰਨੀ ਨਹੀਂ ਆਉਂਦੀ। ਮੇਰਾ ਮਨੂਆ ਹੁਣ ਉਹ ਪਹਿਲਾਂ ਵਾਲਾ ਤ੍ਰਿਸ਼ਨਾ ਦਾ ਢੋਲ ਨਹੀਂ ਵਜਾਉਂਦਾ ਕਿਉਂਕਿ ਹੁਣ ਪ੍ਰਭੂ ਦੇ ਸਿਮਰਨ ਵਿੱਚ ਜੁੜ ਕੇ ਮੇਰੀ ਉੱਚੀ ਅਵਸਥਾ ਬਣ ਚੁੱਕੀ ਹੈ।

– ਮਨੂਆ ਨਾਚੈ ਭਗਤਿ ਦ੍ਰਿੜਾਏ॥ ਗੁਰ ਕੈ ਸਬਦਿ ਮਨੈ ਮਨੁ ਮਿਲਾਏ॥
ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ॥
ਊਚਾ ਕੂਕੇ ਤਨਹਿ ਪਛਾੜੇ॥ ਮਾਇਆ ਮੋਹਿ ਜੋਹਿਆ ਜਮਕਾਲੇ॥
ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ॥ (੧੨੧)

ਜਨੇਊ

ਹਿੰਦੂ ਧਰਮ ਸ਼ਾਸਤ੍ਰਾਂ ਵਿੱਚ ਜਨੇਊ ਬਣਾਉਣ ਦੀ ਖ਼ਾਸ ਵਿਧੀ ਲਿਖੀ ਹੋਈ ਹੈ। ਸੂਤ ਦਾ ਬਣਿਆ ਜਨੇਊ ਸਿਰਫ਼ ਬ੍ਰਾਹਮਣ ਹੀ ਪਾ ਸਕਦਾ ਹੈ ਜਦ ਕਿ ਛੱਤ੍ਰੀ ਕੇਵਲ ਸਣ ਦਾ ਅਤੇ ਵੈਸ਼ ਭੇਡੂ ਦੀ ਉੱਨ ਦਾ ਬਣਿਆ ਹੋਇਆ। ਸ਼ੂਦਰ ਅਤੇ ਇਸਤਰੀ ਜਨੇਊ ਪਾ ਹੀ ਨਹੀਂ ਸਕਦੇ। ਐਡੇ ਵਿਤਕਰੇ ਵਾਲੀ ਬ੍ਰਾਹਮਣ ਦੀ ਬਣਾਈ ਮਰਿਯਾਦਾ ਇਹ ਸਿੱਧ ਕਰਦੀ ਹੈ ਕਿ ਜਨੇਊ ਵੀ ਮਨੁੱਖ ਦੇ ਅੰਦਰ ਦੀ ਅਸਲੀਅਤ ਨੂੰ ਲੁਕਾ ਕੇ ਉਸਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਧਰਮੀ ਹੋਣ ਦਾ ਭੁਲੇਖਾ ਪਾਉਣ ਵਾਲਾ ਭੇਖ ਹੀ ਹੈ।

ਬ੍ਰਾਹਮਣੀ ਮਰਿਯਾਦਾ ਅਨੁਸਾਰ ਗਰਭ ਵਾਲੇ ਦਿਨ ਤੋਂ ਲੈ ਕੇ ਬ੍ਰਾਹਮਣ ਦਾ ਅੱਠਵੇਂ, ਛੱਤ੍ਰੀ ਦਾ ਗਿਆਰਵੇਂ ਅਤੇ ਵੈਸ਼ ਦਾ ਬਾਰਵੇਂ ਵਰ੍ਹੇ ਜਨੇਊ ਸੰਸਕਾਰ ਕਰਨ ਦਾ ਵਿਧਾਨ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੇ ਉਮਰ ਜਨੇਊ ਪਾਉਣ ਯੋਗ ਹੋਈ ਤਾਂ ਬ੍ਰਾਹਮਣ ਨੇ ਗੁਰੂ ਦੇ ਘਰ ਸਮਾਗਮ ਰਚ ਲਿਆ ਜਿਸ ਦਾ ਗੁਰੂ ਜੀ ਨੇ ਸਖ਼ਤ ਵਿਰੋਧ ਕੀਤਾ ਅਤੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ।

ਗੁਰੂ ਬਾਬਾ ਜੀ ਤਾਂ ਦੁਨੀਆਂ ਨੂੰ ਸੱਚ ਦਾ ਸੁਨੇਹਾ ਦੇਣ ਆਏ ਸਨ। ਉਹ ਤਾਂ ਝੂਠ ਦੀ ਕੰਧ ਨੂੰ ਢਾ ਢੇਰੀ ਕਰਕੇ ਸਦੀਵੀ ਸੱਚ ਨਾਲ ਮਨੁੱਖ ਨੂੰ ਜੋੜਨ ਵਾਸਤੇ ਆਏ ਸਨ। ਇਸ ਗੱਲ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਕਿ ਬ੍ਰਾਹਮਣ ਸਮਾਜ ਉਨ੍ਹਾਂ ਦੀ ਜਾਨ ਅਤੇ ਉਨ੍ਹਾਂ ਦੇ ਮਿਸ਼ਨ ਦਾ ਵੈਰੀ ਬਣ ਜਾਵੇਗਾ। ਬੜੇ ਵਿਸਥਾਰ ਨਾਲ ਬ੍ਰਾਹਮਣ ਅਤੇ ਉਸਦੇ ਜਨੇਊ ਦੇ ਪੋਲ ਖੋਲ੍ਹਦਿਆਂ ਜੋ ਵਡਮੁੱਲਾ ਉਪਦੇਸ਼ ਮਨੁੱਖ ਮਾਤ੍ਰ ਨੂੰ ਦਿੱਤਾ, ਉਸਦਾ ਵੇਰਵਾ ਗੁਰਬਾਣੀ ਦੇ ਇੰਨ੍ਹਾਂ ਸਲੋਕਾਂ ਵਿੱਚ ਹੈ:

– ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥ (੪੭੧)

– ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥ ਨਾਨਕ ਤਗ ਨ ਤੁਟਈ ਜੇ ਤਗਿ ਹੋਵੈ ਜੋਰੁ॥ (੪੭੧)

– ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ (੪੭੧)

– ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥
ਤਗੁ ਨ ਪੈਰੀ ਤਗੁ ਨ ਹਥੀ॥ ਤਗੁ ਨ ਜਿਹਵਾ ਤਗੁ ਨ ਅਖੀ॥
ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥ ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ (੪੭੧)

– ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ (੪੭੧)

– ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥ (੯੦੩)

ਹਜੂਰ ਦੇ ਇਨ੍ਹਾਂ ਫੁਰਮਾਨਾਂ ਤੋਂ ਇਹ ਸਿੱਧ ਹੋ ਜਾਣ ਵਿੱਚ ਕੋਈ ਕਸਰ ਨਹੀਂ ਰਹਿੰਦੀ ਕਿ ਜਨੇਊ ਵੀ ਬ੍ਰਾਹਮਣੀ ਭੇਖ ਦਾ ਹਿੱਸਾ ਸੀ।

ਤਿਲਕ, ਧੋਤੀ, ਟਿੱਕਾ (ਭੇਖ)

ਮਹਾਨਕੋਸ਼ ਅਨੁਸਾਰ ਤਿਲਕ ਦੇ ਅਰਥ ਹਨ – ਤਿਲ ਦੇ ਫੁੱਲ ਵਾਂਗ ਜੋ ਸੋਭਾ ਦੇਵੇ, ਚੰਦਨ, ਕੇਸਰ, ਭਸਮ ਆਦਿ ਦਾ ਮੱਥੇ ਅਤੇ ਸਰੀਰ ਦੇ ਅੰਗਾਂ ਤੇ ਲਾਇਆ ਹੋਇਆ ਚਿੰਨ੍ਹ।

ਬ੍ਰਾਹਮਣੀ ਮੱਤ ਦੇ ਅਨੇਕ ਭੇਦ ਹੋਣ ਕਰਕੇ ਤਿਲਕਾਂ ਵਿੱਚ ਵੀ ਬਹੁਤ ਫ਼ਰਕ ਹੈ। ਸ਼ੈਵ ਮੱਤ ਵਾਲੇ ਟੇਢਾ ਤਿਲਕ ਅਤੇ ਵੈਸ਼ਨਵ ਮੱਤ ਵਾਲੇ ਖੜਾ ਤਿਲਕ ਲਾਉਂਦੇ ਹਨ। ਪਦਮ ਪੁਰਾਣ ਅਨੁਸਾਰ ਵੈਸ਼ਨਵ ਨੂੰ ੧੨ ਤਿਲਕ ਬਾਰਾਂ

ਨਾਮ ਲੈ ਕੇ ਲਾਉਣੇ ਚਾਹੀਦੇ ਹਨ ਪਰ ਭਾਈ ਗੁਰਦਾਸ ਜੀ ਨੇ ਕਿਸੇ ਪ੍ਰਕਾਰ ਦਾ ਤਿਲਕ ਲਾਉਣ ਦੀ ਖੰਡਨਾ ਕੀਤੀ ਹੈ:

– ਬਾਰਹ ਤਿਲਕ ਮਿਟਾਇ ਕੈ ਗੁਰਮੁਖਿ ਤਿਲਕੁ ਨੀਸਾਨੁ ਚੜਾਇਆ॥ (ਵਾਰ ੭, ਪਉੜੀ ੧੨)

ਗੁਰਮੁਖਿ ਸ੍ਰੇਸ਼ਟ ਕਥਨੀ, ਕਰਣੀ ਅਥਵਾ ਸੁੱਚ ਆਚਾਰ ਦਾ ਧਾਰਨੀ ਹੈ। ਖ਼ਾਸ ਢੰਗ ਅਤੇ ਖ਼ਾਸ ਲੰਬਾਈ ਅਤੇ ਖ਼ਾਸ ਰੰਗ ਵਾਲੀ ਧੋਤੀ, ਟਿੱਕਾ, ਤਿਲਕ, ਜਨੇਊ, ਗੋਦੜੀ, ਹੱਥ ਵਿੱਚ ਚਿੱਪੀ (ਕਮੰਡਲ) ਡੰਡਾ, ਮਾਲਾ, ਸਿਮਰਨਾ ਆਦਿ ਰੱਖਣਾ ਅਥਵਾ ਸਰੀਰ ਤੇ ਹੋਰ ਨਿਸ਼ਾਨ ਬਣਾ ਕੇ ਜਾਂ ਸਰੀਰ ਤੇ ਕੋਈ ਨਿਸ਼ਾਨ ਬਣਾਉਣ ਤੋਂ ਬਿਨਾਂ ਅਲਫ਼ ਨੰਗੇ ਤੁਰੇ ਫਿਰਨਾ, ਇਹ ਸਾਰੇ ਭੇਖ ਬ੍ਰਾਹਮਣੀ ਲੁੱਟ ਮਰਿਯਾਦਾ ਦੀ ਹੀ ਉਪਜ ਹਨ। ਇਸ ਤੱਥ ਨੂੰ ਗੁਰਬਾਣੀ ਨੇ ਬਾਰ ਬਾਰ ਸਮਝਾਇਆ ਹੈ:

– ਗਲਿ ਮਾਲਾ ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚਉ ਕਰਮੰ॥ (੪੭੦)

– ਤੀਰਥ ਦੇਵ ਦੇਹੁਰਾ ਪੋਥੀ॥ ਮਾਲਾ ਤਿਲਕੁ ਸੋਚ ਪਾਕ ਹੋਤੀ॥
ਧੋਤੀ ਡੰਡਉਤਿ ਪਰਸਾਦਨ ਭੋਗਾ॥ ਗਵਨੁ ਕਰੈਗੋ ਸਗਲੋ ਲੋਗਾ॥ (੨੩੭)

– ਧੋਤੀ ਊਜਲ ਤਿਲਕੁ ਗਲਿ ਮਾਲਾ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ॥
ਨਾਮੁ ਵਿਸਾਰਿ ਮਾਇਆ ਮਦੁ ਪੀਆ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ॥ (੮੩੨)

– ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ ਰਾਮੁ ਖਿਲਉਨਾ ਜਾਨਾਂ॥ (੧੧੫੮)

– ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥ ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ (੪੭੬)

ਦਿਗੰਬਰ

ਸਰੀਰ ਤੋਂ ਸਾਰੇ ਕੱਪੜੇ ਉਤਾਰ ਕੇ ਨੰਗੇ ਫਿਰਨ ਵਾਲੇ ਨੂੰ ਦਿਗੰਬਰ ਕਹਿੰਦੇ ਹਨ:

– ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ॥
ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ॥ (੮੩੫)

– ਬਸਤ੍ਰ ਉਤਾਰਿ ਦਿਗੰਬਰੁ ਹੋਗੁ॥ ਜਟਾਧਾਰਿ ਕਿਆ ਕਮਾਵੈ ਜੋਗੁ॥
ਮਨੁ ਨਿਰਮਲੁ ਨਹੀ ਦਸਵੈ ਦੁਆਰ॥ ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ॥ (੧੧੬੯)

ਚਕ੍ਰ

ਬ੍ਰਾਹਮਣਾਂ ਦਾ ਇੱਕ ਟੋਲਾ ਵਿਸ਼ਨੂੰ ਨਾਲ ਉਚੇਚੀ ਸ਼ਰਧਾ ਰੱਖਣ ਦਾ ਪ੍ਰਗਟਾਵਾ ਕਰਨ ਲਈ ਆਪਣੇ ਸਰੀਰ ਤੇ ਵਿਸ਼ਨੂੰ ਦੇ ਚੱਕ੍ਰ ਦਾ ਚਿੰਨ੍ਹ ਬਣਾਉਂਦੇ ਹਨ। ਸਤਿਗੁਰਾਂ ਇਸ ਕਰਮ ਨੂੰ ਵੀ ਪਖੰਡ ਹੀ ਫੁਰਮਾਇਆ ਹੈ:

– ਚਕ੍ਰ ਬਣਾਇ ਕਰੈ ਪਾਖੰਡ॥ ਝੂਰਿ ਝੂਰਿ ਪਚੈ ਜੈਸੇ ਤ੍ਰਿਅ ਰੰਡ॥ (੧੧੫੧)

– ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥ ਪੂਜਾ ਕਰਹਿ ਬਹੁਤੁ ਬਿਸਥਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥ ਅੰਤਰ ਕੀ ਮਲੁ ਕਬ ਹੀ ਨ ਜਾਏ॥ (੧੩੪੮)

ਗੁਰੂ ਨਾਨਕ ਦੇਵ ਜੀ ਨੇ ਮਨੁੱਖਾ ਸਰੀਰ ਅਤੇ ਭੇਖ ਨਾਲ ਸਬੰਧਤ ਸਾਰੀ ਸਮਗ੍ਰੀ ਅਰਥਾਤ ਧੋਤੀ, ਜਨੇਊ, ਟਿਕਾ ਆਦਿ ਦਾ ਜ਼ਿਕਰ ਕਰਕੇ ਸੱਚ ਨਾਲ ਜੁੜਨ ਦਾ ਉਪਦੇਸ਼ ਦਿੰਦਿਆਂ ਫੁਰਮਾਨ ਕੀਤਾ ਹੈ:

– ਕਾਇਆ ਬ੍ਰਹਮਾ ਮਨੁ ਹੈ ਧੋਤੀ॥ ਗਿਆਨੁ ਜਨੇਊ ਧਿਆਨੁ ਕੁਸਪਾਤੀ॥
ਹਰਿ ਨਾਮਾ ਜਸੁ ਜਾਚਉ ਨਾਉ॥ ਗੁਰ ਪਰਸਾਦੀ ਬ੍ਰਹਮਿ ਸਮਾਉ॥
ਪਾਂਡੇ ਐਸਾ ਬ੍ਰਹਮ ਬੀਚਾਰੁ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ॥ਰਹਾਉ॥
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥ ਧੋਤੀ ਟਿਕਾ ਨਾਮੁ ਸਮਾਲਿ॥
ਐਥੈ ਓਥੈ ਨਿਬਹੀ ਨਾਲਿ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ॥
ਪੂਜਾ ਪ੍ਰੇਮ ਮਾਇਆ ਪਰਜਾਲਿ॥ ਏਕੋ ਵੇਖਹੁ ਅਵਰੁ ਨ ਭਾਲਿ॥
ਚੀਨ੍ਹੈ ਤਤੁ ਗਗਨ ਦਸ ਦੁਆਰ॥ ਹਰਿ ਮੁਖਿ ਪਾਠ ਪੜੈ ਬੀਚਾਰ॥
ਭੋਜਨੁ ਭਾਉ ਭਰਮੁ ਭਉ ਭਾਗੈ॥ ਪਾਹਰੂਅਰਾ ਛਬਿ ਚੋਰੁ ਨ ਲਾਗੈ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ॥
ਆਚਾਰੀ ਨਹੀ ਜੀਤਿਆ ਜਾਇ॥ ਪਾਠ ਪੜੈ ਨਹੀ ਕੀਮਤਿ ਪਾਇ॥
ਅਸਟ ਦਸੀ ਚਹੁ ਭੇਦੁ ਨ ਪਾਇਆ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ॥ (੩੫੫)

– ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ॥ ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ॥
ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ॥
ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ॥ (੧੨੧੬)

ਉਪਰਲੀ ਗੁਰ ਸ਼ਬਦਾਂ ਦੀ ਵਿਚਾਰ ਤੋਂ ਅਸਾਂ ਸਮਝਿਆ ਹੈ ਕਿ ਪਹਿਰਾਵੇ ਨਾਲ ਜਾਂ ਸਰੀਰ ਉਤੇ ਕਿਸੇ ਪ੍ਰਕਾਰ ਦੇ ਕਥਿਤ ਧਾਰਮਿਕ ਨਿਸ਼ਾਨ ਲਾ ਲੈਣ ਨਾਲ ਪ੍ਰਭੂ ਭਗਤੀ ਦਾ ਕੋਈ ਸਬੰਧ ਨਹੀਂ। ਬ੍ਰਾਹਮਣ ਨੂੰ ਸੰਬੋਧਨ ਕਰਕੇ ਗੁਰਦੇਵ ਨੇ ਸਾਨੂੰ ਸਮਝਾ ਦਿੱਤਾ ਹੈ ਕਿ ਇਹ ਦਿਖਾਵਾ ਬ੍ਰਾਹਮਣੀ ਠੱਗ ਨੀਤੀ ਦੀ ਉਪਜ ਹੈ। ਗੁਰਦੇਵ ਨੇ ਉਨ੍ਹਾਂ ਦੀ ਵੀ ਖੰਡਨਾ ਕੀਤੀ ਹੈ ਜੋ ਕੱਪੜੇ ਉਤਾਰ ਕੇ ਨਾਂਗੇ ਸਾਧ ਬਣੀ ਬੈਠੇ ਹਨ। ਤਿਲਕ, ਟਿੱਕਾ, ਚਕ੍ਰ ਆਦਿ ਨਿਸ਼ਾਨ ਵਾਲੇ ਭੇਖਾਂ ਦੇ ਵਿਅਰਥ ਹੋਣ ਦਾ ਗਿਆਨ ਦੇਣ ਵਾਸਤੇ ਸਤਿਗੁਰਾਂ ਨੇ ਹੋਰ ਕਈ ਸ਼ਬਦ ਉਚਾਰੇ ਹੋਏ ਹਨ, ਕੁਝ ਇੰਜ ਹਨ:

– ਪੰਡਿਤ ਪੜਹਿ ਵਖਾਣਹਿ ਵੇਦੁ॥ ਅੰਤਰਿ ਵਸਤੁ ਨ ਜਾਣਹਿ ਭੇਦੁ॥
ਗੁਰ ਬਿਨੁ ਸੋਝੀ ਬੂਝ ਨ ਹੋਇ॥ ਸਾਚਾ ਰਵਿ ਰਹਿਆ ਪ੍ਰਭੁ ਸੋਇ॥ (੩੫੫)

– ਅਤਿ ਸੂਚੀ ਤੇਰੀ ਪਾਕਸਾਲ॥ ਕਰਿ ਇਸਨਾਨੁ ਪੂਜਾ ਤਿਲਕੁ ਲਾਲ॥
ਗਲੀ ਗਰਬਹਿ ਮੁਖਿ ਗੋਵਹਿ ਗਿਆਨ॥ ਸਭਿ ਬਿਧਿ ਖੋਈ ਲੋਭਿ ਸੁਆਨ॥ (੩੭੪)

– ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥
ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥
ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥
ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥
ਚਤੁਰ ਬੇਦ ਪੂਰਨ ਹਰਿ ਨਾਇ॥ ਨਾਨਕ ਤਿਸ ਕੀ ਸਰਣੀ ਪਾਇ॥ (੮੮੮)

– ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥ (੯੦੩)

– ਕਿਨਹੀ ਘੂਘਰ ਨਿਰਤਿ ਕਰਾਈ॥ ਕਿਨਹੂ ਵਰਤ ਨੇਮ ਮਾਲਾ ਪਾਈ॥
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ॥ ਮੋਹਿ ਦੀਨ ਹਰਿ ਹਰਿ ਹਰਿ ਧਿਆਇਆ॥

ਕਿਨਹੀ ਸਿਧ ਬਹੁ ਚੇਟਕ ਲਾਏ॥ ਕਿਨਹੀ ਭੇਖ ਬਹੁ ਥਾਟ ਬਨਾਏ॥
ਕਿਨਹੀ ਤੰਤ ਮੰਤ ਬਹੁ ਖੇਵਾ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ॥ (੯੧੩)

- ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥ (੧੦੯੯)

- ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥ (੧੨੪੫)

- ਚਕ੍ਰ ਕਰਮ ਤਿਲਕ ਖਾਟੰਗਾ॥ ਦਰਸਨੁ ਭੇਟੇ ਬਿਨੁ ਸਤਸੰਗਾ॥ (੧੩੦੫)

- ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥
ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥
ਸਿਲ ਪੂਜਸਿ ਚਕ੍ਰ ਗਣੇਸੰ॥ ਨਿਸਿ ਜਾਗਸਿ ਭਗਤਿ ਪ੍ਰਵੇਸੰ॥
ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ॥
ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥
ਰਿਦੈ ਕੂੜੁ ਕੰਠਿ ਰੁਦ੍ਰਾਖੰ॥ ਰੇ ਲੰਪਟ ਕ੍ਰਿਸਨੁ ਅਭਾਖੰ॥
ਜਿਨਿ ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥
ਕਹੁ ਬੇਣੀ ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ (੧੩੫੧)

- ਪੂਜਾ ਤਿਲਕ ਕਰਤ ਇਨਸਾਨਾਂ॥ ਛੁਰੀ ਕਾਢਿ ਲੇਵੈ ਹਥਿ ਦਾਨਾ॥ (੨੦੧)

- ਖਟੁ ਸਾਸਤ ਬਿਚਰਤ ਮੁਖਿ ਗਿਆਨਾ॥ ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥ (੯੮)

- ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥ (੧੧੨੭)

- ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ॥
ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ॥ (੧੩੫੯)

- ਪਾਇਓ ਬਾਲ ਬੁਧਿ ਸੁਖੁ ਰੇ॥
ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ॥ਰਹਾਉ॥
ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ॥
ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ॥
ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥
ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥
ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ॥
ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ॥
ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ॥ (੨੧੪)

ਮਾਲਾ ਸਿਮਰਨਾ

ਸਿੱਖ ਜਗਤ ਵਿੱਚ ਪ੍ਰਚੱਲਤ ਬ੍ਰਾਹਮਣੀ ਪ੍ਰਣਾਲੀ ਨੇ ਜਿੱਥੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਪੂਜਾ ਦਾ ਭਰਮ ਬਣਾਇਆ ਹੋਇਆ ਹੈ ਉਸ ਤੋਂ ਕਿਤੇ ਵੱਧ ਡੂੰਘਾ ਭਰਮ ਮਾਲਾ ਅਥਵਾ ਸਿਮਰਨੇ ਪ੍ਰਤੀ ਵੀ ਬਣਾ ਦਿੱਤਾ ਹੋਇਆ ਹੈ। ਤਿਲਕ ਧੋਤੀ ਟਿੱਕੇ ਵਾਲੇ ਸਿਰਲੇਖ ਵਿੱਚ ਪੰਜਵੇਂ ਸ਼ਬਦ ਅੰਦਰ ਜਪਮਾਲੀ ਨੂੰ ਸਪੱਸ਼ਟ ਤੌਰ 'ਤੇ ਠੱਗਾਂ ਦੇ ਭੇਖ ਦਾ ਮੁੱਖ ਅੰਗ ਜਾਹਰ ਕੀਤਾ ਹੈ। ਭਾਵੇਂ ਗੁਰਮਤਿ ਸਿਧਾਂਤ ਦੇ ਮਾਲਾ ਫੇਰਨ ਵਾਲੇ ਪੱਖ ਦੀ ਸਮਝ ਵਾਸਤੇ ਉਹੀ ਸ਼ਬਦ ਕਾਫ਼ੀ ਹੈ ਪਰ ਫਿਰ ਵੀ ਗੁਰਬਾਣੀ ਵਿਚਲੇ ਹੋਰ ਸ਼ਬਦਾਂ ਦੀ ਵਿਚਾਰ ਨਿਰੂਪਣ ਹੈ:

- ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥ (੪੭੧)

- ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ॥ ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ॥
ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ॥ (੯੭੬)

- ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥
ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥ (੯੯੯)

- ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਡੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥ (੯੫੧)

- ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ॥ (੧੩੬੯)

- ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥
ਰਿਦੈ ਕੂੜੁ ਕੰਠਿ ਰੁਦ੍ਰਾਖੰ॥ ਰੇ ਲੰਪਟ ਕ੍ਰਿਸਨੁ ਅਭਾਖੰ॥ (੧੩੫੧)

- ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ॥
ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ॥ (੧੩੭੨)

- ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ॥
ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ॥ (੯੭੩)

- ਜਾ ਕੈ ਕਰਮੁ ਨਾਹੀ ਧਰਮੁ ਨਾਹੀ ਨਾਹੀ ਸੁਚਿ ਮਾਲਾ॥
ਸਿਵ ਜੋਤਿ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ॥ (੧੩੨੮)

ਗੁਰਬਾਣੀ ਦੇ ਇਨ੍ਹਾਂ ਸ਼ਬਦਾਂ ਵਿੱਚ ਵਿਖਾਵੇ ਦੇ ਭੇਖ ਅਤੇ ਮਾਲਾ ਨੂੰ ਭਗਤੀ ਦਾ ਸਾਧਨ ਨਹੀਂ ਸਗੋਂ ਪਖੰਡੀਆਂ ਅਤੇ ਠੱਗਾਂ ਦਾ ਅਜਿਹਾ ਯੰਤ੍ਰ ਦਰਸਾਇਆ ਹੈ ਜਿਸ ਦੀ ਸਹਾਇਤਾ ਨਾਲ ਲੋਕਾਂ ਨੂੰ ਠੱਗਦੇ ਹਨ। ਅਗਲੇ ਗੁਰਬਾਣੀ ਸ਼ਬਦ ਉਹ ਹਨ ਜਿਨ੍ਹਾਂ ਦੁਆਰਾ ਹਜੂਰ ਨੇ ਅਜਿਹੀ ਮਾਲਾ ਦੀ ਰੂਪ ਰੇਖਾ ਸਮਝਾਈ ਹੈ ਜਿਹੜੀ ਮਾਲਾ **"ਈਹਾ ਮੁਕਤੁ ਆਗੈ ਸੁਖੁ ਪਾਵੈ"** ਦਾ ਸੱਚਾ ਸਾਧਨ ਹੈ:

<u>ਕਲਿਆਣਕਾਰੀ ਮਾਲਾ</u>

- ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥
ਕਰਉ ਬੇਨਤੀ ਸਤਿਗੁਰ ਅਪੁਨੀ॥
ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ॥ਰਹਾਉ॥

ਹਰਿ ਮਾਲਾ ਉਰ ਅੰਤਰਿ ਧਾਰੈ॥ ਜਨਮ ਮਰਣ ਕਾ ਦੂਖੁ ਨਿਵਾਰੈ॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ ਕਤਹਿ ਨ ਡੋਲੈ॥
ਕਹੁ ਨਾਨਕ ਜੋ ਰਾਚੈ ਨਾਇ॥ ਹਰਿ ਮਾਲਾ ਤਾ ਕੈ ਸੰਗਿ ਜਾਇ॥ (੩੮੮)

- ਚੇਤਹੁ ਬਾਸੁਦੇਉ ਬਨਵਾਲੀ॥ ਰਾਮੁ ਰਿਦੈ ਜਪਮਾਲੀ॥ (੫੦੩)

- ਹਿਰਦੈ ਜਪਨੀ ਜਪਉ ਗੁਣਤਾਸਾ॥
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥ (੮੪੧)

- ਕੰਠੇ ਮਾਲਾ ਜਿਹਵਾ ਰਾਮੁ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ॥ (੪੭੯)

- ਗੁਰਮਤਿ ਨਾਮੁ ਧਿਆਈਐ ਹਰਿ ਹਰਿ ਮਨਿ ਜਪੀਐ ਹਰਿ ਜਪਮਾਲਾ॥
ਜਿਨ੍ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿ ਬਨਮਾਲਾ॥ (੯੮੫)

- ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥ (੧੨੪੫)

- ਰਮ ਰਾਮ ਰਾਮ ਮਾਲ॥ ਮਨਿ ਫੇਰਤੇ ਹਰਿ ਸੰਗਿ ਸੰਗੀਆ॥ (੧੨੭੧)

- ਜਲਿ ਜਾਉ ਜੀਵਨੁ ਨਾਮ ਬਿਨਾ॥ ਹਰਿ ਜਪਿ ਜਾਪੁ ਜਪਉ ਜਪਮਾਲੀ ਗੁਰਮੁਖਿ ਆਵੈ ਸਾਦੁ ਮਨਾ॥ (੧੩੩੨)

- ਐਸਾ ਜਾਪੁ ਜਪਉ ਜਪਮਾਲੀ॥ ਦੁਖ ਸੁਖ ਪਰਹਰਿ ਭਗਤਿ ਨਿਰਾਲੀ॥ (੧੩੪੨)

- ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੈ ਮਹਿ ਮਉਲਾ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ॥ (੧੦੮੪)

- ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥ (੧੩੬੪)

- ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ॥
ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥ (੧੩੫੬)

- ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥ (੬੯੪)

- ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥ (੧੧੭੦)

ਮਾਲਾ ਗਹਿਣੇ ਦੇ ਰੂਪ ਵਿੱਚ

- ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥
ਕੰਚਨ ਕਾਇਆ ਸੁਇਨੇ ਕੀ ਢਾਲਾ॥ ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥ (੫੬੭)

- ਬਨਮਾਲਾ ਬਿਭੂਖਨ ਕਮਲ ਨੈਨ॥ ਸੁੰਦਰ ਕੁੰਡਲ ਮੁਕਟ ਬੈਨ॥ (੧੦੮੨)

- ਸੰਖ ਚਕ੍ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਾਪਤੁ ਜਮੁ ਡਰਿਓ॥ (੧੧੦੫)

- ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥

ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥ (੧੦੮੨)

– ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥ ਲਾਲ ਨਿਹਾਲੀ ਫੂਲ ਗੁਲਾਲਾ॥ (੨੨੫)

ਗੁਰੂ ਨਾਨਕ ਦੇਵ ਜੀ ਦੀ ਮਾਲਾ ਦਾ ਰੂਪ

ਗੁਰੂ ਨਾਨਕ ਦੇਵ ਜੀ ਦੀ ਕੋਈ ਤਸਵੀਰ ਬਣਾਉਣੀ ਆਪਣੇ ਆਪ ਵਿੱਚ ਹੀ ਇੱਕ ਪਾਪ ਹੈ, ਪਰ ਉਨ੍ਹਾਂ ਦੇ ਹੱਥ ਵਿੱਚ ਮਾਲਾ ਫੜੀ ਵਿਖਾਉਣੀ ਅਜਿਹਾ ਬੱਜਰ ਪਾਪ ਹੈ ਜੋ ਬਖਸ਼ਣਯੋਗ ਨਹੀਂ। ਜੇ ਸਤਿਗੁਰਾਂ ਦੇ ਪਾਵਨ ਹੱਥ ਵਿੱਚ ਮਾਲਾ ਜ਼ਰੂਰ ਫੜਾਉਣੀ ਹੈ ਤਾਂ ਪਹਿਲਾਂ ਸਤਿਗੁਰਾਂ ਦੀ ਮਾਲਾ ਦੀ ਰੂਪ ਰੇਖਾ ਸਮਝਣੀ ਚਾਹੀਦੀ ਹੈ:

– ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥ ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥ (੭੯੧)

ਸਰੀਰ ਮਾਨੋ ਫੁੱਲਾਂ ਵਾਲੇ ਬੂਟਿਆਂ ਦੀ ਕੂਮਲੀ ਹੈ, ਪ੍ਰਮਾਤਮਾ ਦੇ ਗੁਣ ਇਸ ਕੋਮਲ ਟਹਿਣੀ ਨੂੰ ਮਾਨੋ ਫੁੱਲ ਹਨ। ਕੋਈ ਭਾਗਾਂ ਵਾਲਾ ਬੰਦਾ ਇਨ੍ਹਾਂ ਫੁੱਲਾਂ ਦੀ ਮਾਲਾ ਗੁੰਦਦਾ ਹੈ, ਜੇ ਮਨੁੱਖ ਇਨ੍ਹਾਂ ਫੁੱਲਾਂ ਵਿੱਚ ਲਗਨ ਲਾਵੇ ਤਾਂ ਮਾਲਾ ਬਣਾਉਣ ਲਈ ਹੋਰ ਡਾਲੀਆਂ ਚੁਣਨ ਦੀ ਕੀ ਲੋੜ? ਜੇ ਬਣਾ ਸਕੀਏ ਤਾਂ ਇਹ ਮਾਲਾ ਬਣਾਉਣੀ ਸਿੱਖੀਏ ਤਾਂ ਜੋ ਸਰਬੱਤ ਦਾ ਭਲਾ ਹੋ ਸਕੇ।

ਪ੍ਰਭੂ ਦੀ ਮਾਲਾ ਦੇ ਮਣਕੇ

– ਏਕੈ ਸੂਤਿ ਪਰੋਏ ਮਣੀਏ॥ ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ॥
ਫਿਰਤੀ ਮਾਲਾ ਬਹੁ ਬਿਧਿ ਭਾਇ॥ ਖਿੰਚਿਆ ਸੂਤੁ ਤ ਆਈ ਥਾਇ॥ (੮੮੬)

– ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ
ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥(੪੭੯)

ਮਾਲਾ ਦੇ ਕੁਝ ਹੋਰ ਰੂਪ

ਜਿਵੇਂ ਇੱਕ ਪਾਸੇ ਟਿੰਡਾਂ ਪਾਣੀ ਨਾਲ ਭਰ ਕੇ ਦੂਜੇ ਪਾਸੇ ਸੱਖਣੀਆਂ ਹੋ ਰਹੀਆਂ ਹੁੰਦੀਆਂ ਹਨ ਏਸੇ ਤਰ੍ਹਾਂ ਜੀਵ ਜਨਮ ਲੈ ਕੇ ਬਿਨਸ ਰਹੇ ਹਨ। ਜਗਤ ਰਚਨਾ ਵਾਲੇ ਅਪਾਰ ਤਮਾਸ਼ੇ ਵਿੱਚ ਇਹ ਵੀ ਇੱਕ ਮਾਲਾ ਹੀ ਫਿਰ ਰਹੀ ਹੈ। ਪ੍ਰਭੂ ਦੇ ਹਰ ਰੰਗ ਵਿੱਚ ਮਨੁੱਖ ਨੂੰ ਸਦਾ ਖੁਸ਼ ਰਹਿਣਾ ਚਾਹੀਦਾ ਹੈ। ਗਿਲੇ ਸ਼ਿਕਵੇ ਘੜ ਕੇ ਸੰਸਾਰ ਤੋਂ ਉਪਰਾਮ ਹੋ ਜਾਣ ਵਿੱਚ ਵਡਿਆਈ ਨਹੀਂ ਹੈ:

– ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ॥ (੧੩੨੯)

– ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ॥ (੧੧੭੧)

ਮਾਲਾ ਪਾਉਣ ਵਾਲਿਆਂ ਨੂੰ ਬਨਾਰਸੀ ਠੱਗ ਕਹਿਣ ਵਾਲੇ ਕਬੀਰ ਸਾਹਿਬ ਨੇ ਰੋਸ ਦਾ ਪ੍ਰਗਟਾਵਾ ਕਰਨ ਲਈ ਭਗਤੀ ਨਾਲ ਜੋੜੀ ਮਾਲਾ ਦਾ ਵਿਅੰਗਮਈ ਜ਼ਿਕਰ ਕਰਦਿਆਂ ਫੁਰਮਾਨ ਕੀਤਾ ਹੈ:

– ਹਮਾਰੇ ਕੁਲ ਕਉਨੇ ਰਾਮੁ ਕਹਿਓ॥ ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ॥ (੮੫੬)

– ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥ (੬੫੬)

ਕਬੀਰ ਸਾਹਿਬ ਦੇ ਇਸ ਫੁਰਮਾਨ ਦੇ ਗਲਤ ਅਰਥ ਕਰਕੇ ਭੁਲੇਖਾ ਪਾਇਆ ਜਾਂਦਾ ਹੈ ਕਿ ਉਨ੍ਹਾਂ ਕੋਲ ਜੇ ਮਾਲਾ ਨਾ ਹੁੰਦੀ ਤਾਂ ਉਹ ਤਿਆਗਣ ਦੀ ਗੱਲ ਕਿਉਂ ਕਰਦੇ। ਇਸ ਭੁਲੇਖੇ ਨੂੰ ਸਾਫ਼ ਕਰਨ ਲਈ ਪ੍ਰੋ: ਸਾਹਿਬ ਸਿੰਘ ਜੀ ਨੇ ਠੋਸ ਦਲੀਲਾਂ ਨਾਲ ਸਮਝਾਇਆ ਹੈ ਕਿ ਕਿਸੇ ਜੀਵ ਅਥਵਾ ਵਸਤੂ ਨਾਲੋਂ ਸੰਬੰਧ ਤੋੜ ਲੈਣ ਦੀ ਗੱਲ ਤਦੇ ਹੀ ਮੂੰਹੋਂ ਨਿਕਲਦੀ ਹੈ ਜੇ ਉਸ ਤੋਂ ਤੰਗੀ ਅਨੁਭਵ ਕੀਤੀ ਜਾ ਰਹੀ ਹੋਵੇ ਜਾਂ ਉਸ ਕੋਲੋਂ ਨਫ਼ਰਤ ਹੋ ਗਈ ਹੋਵੇ। ਪ੍ਰਭੂ ਦਾ ਭਗਤ ਅਜਿਹੀ ਵਸਤੂ ਤਿਆਗਣ ਦੀ ਗੱਲ ਕਰਨੀ ਤਾਂ ਕਿਤੇ ਰਹੀ, ਸੁਣ ਵੀ ਨਹੀਂ ਸਕਦਾ। ਜਿਹੜੀ ਵਸਤੂ ਭਾਵ ਮਾਲਾ ਪ੍ਰਮਾਤਮਾ ਦੀ ਭਗਤੀ ਵਿੱਚ ਸਹਾਇਤਾ ਦਿੰਦੀ ਹੋਵੇ। ਇਹੀ ਸਿੱਧ ਹੁੰਦਾ ਹੈ ਕਿ ਕਬੀਰ ਜੀ ਨੂੰ ਠੱਗੀ ਮਾਰਨ ਵਿੱਚ ਸਹਾਇਤਾ ਕਰਨ ਵਾਲੀ ਇਹ ਮਾਲਾ ਜ਼ਰਾ ਵੀ ਨਹੀਂ ਸੀ ਭਾਉਂਦੀ।

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵਾਲੀ ਸੁੰਨ ਅਵਸਥਾ ਦਾ ਜ਼ਿਕਰ ਕਰਦਿਆਂ ਸਤਿਗੁਰਾਂ ਨੇ ਫੁਰਮਾਇਆ ਹੈ ਕਿ ਉਸ ਸਮੇਂ ਅਫੁਰ ਸਮਾਧੀ ਵਾਲੀ ਅਵਸਥਾ ਵਾਲੇ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਸ਼ੈਅ ਨਹੀਂ ਸੀ। ਸ੍ਰਿਸ਼ਟੀ ਦੀ ਸਿਰਜਣਾ ਕਰਕੇ ਇਸ ਨੂੰ ਆਪਣੇ ਹੁਕਮ ਰੂਪੀ ਨੇਮ ਵਿੱਚ ਬੰਨ੍ਹ ਦਿੱਤਾ ਸੀ ਅਤੇ ਮਨੁੱਖ ਨੂੰ ਕਰਮ ਕਰ ਸਕਣ ਦੀ ਆਜ਼ਾਦੀ ਵੀ ਉਸੇ ਨੇਮ ਅਥਵਾ ਹੁਕਮ ਅਧੀਨ ਹੀ ਦਿੱਤੀ ਸੀ। ਉਦੋਂ ਅਜਿਹੇ ਵਿਖਾਵੇ ਵਾਲੇ ਕਰਮਕਾਂਡ ਕੋਈ ਨਹੀਂ ਸਨ:

– ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥ (੧੦੩੫)

ਟਿੱਕਾ ਅਥਵਾ ਤਿਲਕ ਅਤੇ ਗੁਰੂ ਗੱਦੀ

ਮਨੁੱਖਤਾ ਨੂੰ ਹਰ ਤਰ੍ਹਾਂ ਦੇ ਭਰਮ ਭੁਲੇਖਿਆਂ ਅਤੇ ਮਿਥਿਹਾਸਿਕ ਵਹਿਮਾਂ ਦੀ ਪਕੜ ਵਿੱਚੋਂ ਕੱਢ ਕੇ ਨਿਰੋਲ ਸੱਚ ਦਾ ਢੰਢੋਰਾ ਦੇਣ ਵਾਲੇ ਸਤਿਗੁਰੂ ਨਾਨਕ ਜੀ ਕਹਿਣੀ ਅਤੇ ਕਥਨੀ ਦੇ ਸੂਰੇ ਸਨ। ਝੂਠ ਦਾ ਇੱਕ ਅੱਖਰ ਵੀ ਗੁਰਬਾਣੀ ਦੇ ਸੱਚ ਵਿੱਚ ਰਲਾਉਣ ਨਾਲੋਂ ਤੱਤੀ ਤਵੀ ਤੇ ਬੈਠਣ ਨੂੰ ਮਨਜੂਰ ਕਰਨ ਵਾਲੇ ਸਤਿਗੁਰੂ ਕੋਈ ਵੀ ਕਰਮ ਆਪਣੀ ਲਿਖੀ ਹੋਈ ਬਾਣੀ ਤੋਂ ਉਲਟ ਕਿਵੇਂ ਕਰ ਸਕਦੇ ਸਨ? ਇਤਿਹਾਸ ਪ੍ਰੇਰਨਾ ਦਾ ਸੋਮਾ ਤਾਂ ਹੋ ਸਕਦਾ ਹੈ ਪਰ ਉਹ ਗੁਰਮਤਿ ਸਿਧਾਂਤ ਦਾ ਧੁਰਾ ਨਹੀਂ ਹੋ ਸਕਦਾ। ਜੋ ਮਰਿਯਾਦਾ ਜਾਂ ਕਥਿਤ ਇਤਿਹਾਸਕ ਘਟਨਾ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਾ ਉਤਰਦੀ ਹੋਵੇ, ਉਹ ਭਾਵੇਂ ਕਿਸੇ ਵੀ ਗ੍ਰੰਥ ਵਿੱਚ ਕਿੱਡੇ ਹੀ ਵਿਦਵਾਨ ਗੁਰਸਿੱਖ ਅਥਵਾ ਸੰਤ ਬਾਣੇ ਵਾਲੇ ਵਿੱਦਿਆ ਮਾਰਤੰਡ ਨੇ ਕਿਉਂ ਨਾ ਲਿਖੀ ਹੋਵੇ, ਉਸਨੂੰ ਰੱਦ ਕਰ ਦੇਣਾ ਹਰ ਸੂਝਵਾਨ ਲਿਖਾਰੀ ਅਥਵਾ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਦਾ ਧਰਮ ਬਣਦਾ ਹੈ।

ਵਿਖਾਵੇ ਵਾਲੇ ਕਿਸੇ ਵੀ ਰਸਮ ਰਿਵਾਜ਼ ਅਥਵਾ ਲੋਕ ਵਿਖਾਵੇ ਵਾਸਤੇ ਸਰੀਰ ਤੇ ਲਾਏ ਉਚੇਚੇ ਨਿਸ਼ਾਨਾਂ ਦੀ ਖੰਡਨਾ ਕਰਨ ਵਾਲੇ ਗੁਰਦੇਵ ਦੇ ਅਨੇਕਾਂ ਸ਼ਬਦ ਅਸਾਂ ਇਸ ਲੇਖ ਵਿੱਚ ਵਿਚਾਰੇ ਹਨ। ਉਨ੍ਹਾਂ ਦੁਆਰਾ ਮਿਲੇ ਗਿਆਨ ਦੀ ਰੌਸ਼ਨੀ ਵਿੱਚ ਵਿਚਾਰਿਆਂ ਇਹ ਤੌਖਲਾ ਪੈਦਾ ਹੁੰਦਾ ਹੈ ਕਿ ਗੱਦੀ ਸੌਂਪਣ ਲੱਗਿਆਂ ਬਾਬਾ ਬੁੱਢਾ ਜੀ ਅਥਵਾ ਉਨ੍ਹਾਂ ਦੀ ਔਲਾਦ ਹੱਥੋਂ ਗੁਰਦੇਵ ਆਪਣੇ ਮੱਥੇ ਤੇ ਤਿਲਕ ਅਥਵਾ ਟਿੱਕਾ ਕਿਵੇਂ ਲੁਆ ਸਕਦੇ ਹਨ?

ਪ੍ਰੋ: ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚ ਰਾਮਕਲੀ ਰਾਗ ਵਿਚਲੀ ਭਾਈ ਸੁੰਦਰ ਜੀ ਦੀ ਲਿਖੀ "ਸਦੁ" ਬਾਣੀ ਦਾ ਪਿਛੋਕੜ ਅਤੇ ਅਰਥ ਬੜੇ ਸੁੰਦਰ ਢੰਗ ਨਾਲ ਲਿਖ ਕੇ ਕਈ ਭੁਲੇਖੇ ਦੂਰ ਕੀਤੇ ਹੋਏ ਹਨ। ਗੁਰੂ ਅਮਰਦਾਸ ਜੀ ਦੇ ਵਿਦਵਾਨ ਪੜੋਤੜੇ ਸੁੰਦਰ ਜੀ ਨੇ, ਜੋ ਉਪਦੇਸ਼ ਗੁਰੂ ਅਮਰਦਾਸ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਸੰਗਤਾਂ ਨੂੰ ਅਥਵਾ ਪ੍ਰੀਵਾਰ ਨੂੰ ਦਿੱਤਾ ਅਤੇ ਗੁਰੂ ਰਾਮਦਾਸ ਜੀ ਨੂੰ ਗੱਦੀ ਸੌਂਪਣ ਦਾ ਸਾਰਾ ਵੇਰਵਾ ਕਵਿਤਾ ਵਿੱਚ ਲਿਖ ਕੇ ਸਾਂਭ ਲਿਆ ਸੀ। ਜਿਸ ਸਮੇਂ ਗੁਰੂ ਅਰਜਨ ਦੇਵ ਜੀ ਪੋਥੀਆਂ ਲੈਣ ਗੋਇੰਦਵਾਲ ਗਏ, ਬਾਬਾ ਸੁੰਦਰ ਜੀ ਨੇ ਉਹ ਬਾਣੀ ਗੁਰੂ ਅਰਜਨ ਦੇਵ ਜੀ ਨੂੰ ਭੇਟਾ ਕਰ ਦਿੱਤੀ। ਗੁਰਦੇਵ ਨੇ ਇਸ ਅਮੋਲਕ ਬਾਣੀ ਨੂੰ "ਸਦੁ" ਸਿਰਲੇਖ ਹੇਠ ਗੁਰਬਾਣੀ ਵਿੱਚ ਦਰਜ਼ ਕਰ ਲਿਆ। ਇਸ ਪਾਵਨ ਬਾਣੀ ਦਾ ਉਹ ਹਿੱਸਾ ਜਿਸ ਵਿੱਚ ਗੁਰੂ ਰਾਮਦਾਸ

ਜੀ ਨੂੰ ਗੱਦੀ ਸੌਂਪਣ ਦੀ ਰਸਮ ਨਾਲ ਸੰਬੰਧ ਹੈ, ਵੇਰਵੇ ਸਹਿਤ ਵਿਚਾਰੀਏ। ਸਦੁ ਦੇ ਚੌਥੇ ਬੰਦ ਦੀਆਂ ਆਖਰੀ ਦੋ ਤੁਕਾਂ ਇੰਜ ਹਨ:

– ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥ (੯੨੩)

ਗੁਰੂ ਅਮਰਦਾਸ ਜੀ ਨੇ ਸਰੀਰਕ ਜਾਮੇ ਵਿੱਚ ਹੁੰਦਿਆਂ ਹੀ ਬੈਠ ਕੇ ਆਪ ਗੁਰਿਆਈ ਦੀ ਗੱਦੀ ਵੀ ਥਮਾ ਦਿੱਤੀ ਅਤੇ ਸਾਰੇ ਸਿੱਖਾਂ ਨੂੰ, ਸਾਕਾਂ ਅੰਗਾਂ ਨੂੰ, ਪੁੱਤਰਾਂ ਨੂੰ ਅਤੇ ਭਰਾਵਾਂ ਨੂੰ ਗੁਰੂ ਰਾਮਦਾਸ ਜੀ ਦੇ ਚਰਨੀ ਲਾਇਆ।

ਫਿਰ ਪੰਜਵੇਂ ਬੰਦ ਦੀ ਆਖ਼ਰੀ ਸਤਰ ਇਸ ਪ੍ਰਕਾਰ ਹੈ:

– ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥ (੯੨੩)

ਭਾਵ, ਗੁਰੂ ਅਮਰਦਾਸ ਜੀ ਨੇ ਸੋਢੀ ਗੁਰੂ ਰਾਮਦਾਸ ਨੂੰ ਸ਼ਬਦ ਰੂਪੀ ਸੱਚੀ ਰਾਹਦਾਰੀ ਅਤੇ ਤਿਲਕ ਵਜੋਂ ਬਖਸ਼ਿਸ਼ ਕਰਕੇ ਗੁਰਿਆਈ ਦੀ ਗੱਦੀ ਸੌਂਪ ਦਿੱਤੀ।

ਗੁਰਗੱਦੀ ਸੌਂਪਣ ਸਮੇਂ ਦੇ ਹੋਰ ਉਚੇਚੇ ਹਾਲਾਤ ਵਾਲਾ ਆਖ਼ਰੀ ਛੇਵਾਂ ਬੰਦ ਇੰਜ ਹੈ:

– ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ॥ (੯੨੪)

ਜਦੋਂ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਕਿ ਸਾਰੇ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗਣ ਤਾਂ ਗੁਰਸਿੱਖਾਂ ਨੇ ਗੁਰੂ ਅਮਰਦਾਸ ਜੀ ਦਾ ਹੁਕਮ ਮੰਨ ਲਿਆ। ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰੀਂ ਪੈ ਕੇ ਪਿਤਾ ਦੇ ਸਾਹਮਣੇ ਸੁਰਖਰੂ ਹੋ ਕੇ ਆ ਖਲੋਤੇ। ਗੁਰੂ ਰਾਮਦਾਸ ਜੀ ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਆਤਮਾ ਟਿਕਾ ਦਿੱਤੀ ਸੀ ਇਸ ਵਾਸਤੇ ਸਾਰੀ ਲੋਕਾਈ ਗੁਰੂ ਰਾਮਦਾਸ ਜੀ ਦੇ ਪੈਰੀਂ ਆ ਪਈ। ਜੇ ਕੋਈ ਨਿੰਦਾ ਕਰਕੇ ਪਹਿਲਾਂ ਨਹੀਂ ਸੀ ਨਿਵਿਆ, ਉਸਨੂੰ ਵੀ ਗੁਰੂ ਅਮਰਦਾਸ ਜੀ ਨੇ ਲਿਖ ਕੇ ਪੈਰੀਂ ਪਾਇਆ।

ਸੁੰਦਰ ਆਖਦਾ ਹੈ, ਹੇ ਸੰਤੋ! ਅਕਾਲ ਪੁਰਖ ਅਤੇ ਗੁਰੂ ਅਮਰਦਾਸ ਜੀ ਨੂੰ ਇਹੀ ਚੰਗਾ ਲੱਗਾ, ਉਨ੍ਹਾਂ ਗੁਰੂ ਰਾਮਦਾਸ ਨੂੰ ਵਡਿਆਈ ਬਖਸ਼ੀ, ਧੁਰੋਂ ਅਕਾਲ ਪੁਰਖ ਦਾ ਇਹੀ ਹੁਕਮ ਲਿਖਿਆ ਆਇਆ ਸੀ। ਸੋ ਸਾਰਾ ਜਗਤ ਗੁਰੂ ਰਾਮਦਾਸ ਜੀ ਦੇ ਪੈਰੀਂ ਪਿਆ।

ਅਸਾਂ ਜਿਨ੍ਹਾਂ ਨੇ ਡੇਰੇਦਾਰ ਕਥਿਤ ਮਹਾਂਪੁਰਖਾਂ ਸੰਤਾਂ ਦੇ ਲਿਖੇ ਅਨੁਸਾਰ ਆਪਣੀ ਸ਼ਰਧਾ ਇਸ ਕਹਾਣੀ ਪ੍ਰਤੀ ਬਣਾ ਲਈ ਹੋਈ ਹੈ ਕਿ ਗੁਰਗੱਦੀ ਸੌਂਪੀ ਜਾਣ ਵਾਲੀ ਕਰਾਮਾਤ ਕਰਮਕਾਂਡੀ ਰਸਮ ਤੋਂ ਬਿਨਾਂ ਵਾਪਰ ਹੀ ਨਹੀਂ ਸੀ ਸਕਦੀ, ਸਾਡਾ ਹੁਣ ਇਨ੍ਹਾਂ ਗੁਰਬਾਣੀ ਸ਼ਬਦਾਂ ਦੇ ਬਾਰੇ ਕੀ ਵਿਚਾਰ ਬਣੇਗਾ?

ਕੀ ਹੁਣ ਅਸੀਂ ਗੁਰਬਾਣੀ ਦੇ ਅਰਥ ਵਿਗਾੜਾਂਗੇ ਜਾਂ ਇਹ ਕਹਾਂਗੇ ਕਿ ਬਾਬਾ ਸੁੰਦਰ ਜੀ ਇਹ ਭੁੱਲ ਹੀ ਗਏ ਸਨ ਕਿ ਜੇ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਦੇ ਅੱਗੇ ਪੰਜ ਪੈਸੇ ਅਤੇ ਨਰੇਲ ਆਦਿ ਭੇਟਾ ਕਰਕੇ ਉਨ੍ਹਾਂ ਦੀ ਪ੍ਰਕਰਮਾ ਕਰਕੇ ਮੱਥਾ ਨਾ ਟੇਕਦੇ ਅਥਵਾ ਬਾਬਾ ਬੁੱਢਾ ਜੀ ਗੁਰੂ ਰਾਮਦਾਸ ਜੀ ਦੇ ਮੱਥੇ ਤੇ ਕੇਸਰ ਦਾ ਤਿਲਕ ਨਾ

ਲਾਉਂਦੇ ਅਤੇ ਹੋਰਨਾਂ ਤੋਂ ਪਹਿਲਾਂ ਬਾਬਾ ਜੀ ਆਪ ਮੱਥਾ ਨਾ ਟੇਕਦੇ ਤਾਂ ਗੁਰੂ ਰਾਮਦਾਸ ਜੀ ਕੋਲ ਗੁਰਗੱਦੀ ਜਾ ਹੀ ਨਹੀਂ ਸਕਦੀ ਸੀ?

ਪਰ ਜੇ ਕੋਈ ਇਹ ਕਹੇ ਕਿ ਬ੍ਰਾਹਮਣੀ ਕਰਮਕਾਂਡ ਵਾਲਾ ਕਿਸੇ ਪ੍ਰਕਾਰ ਦਾ ਪਖੰਡ ਕੀਤੇ ਬਿਨਾਂ ਹੀ ਗੁਰੂ ਅਮਰਦਾਸ ਜੀ ਨੇ ਆਤਮਿਕ ਸ਼ਕਤੀ ਨਾਲ ਹੀ ਗੁਰੂ ਨਾਨਕ ਦੀ ਜੋਤਿ ਗੁਰੂ ਰਾਮਦਾਸ ਜੀ ਵਿੱਚ ਪ੍ਰਵੇਸ਼ ਕਰਕੇ ਉਸ ਨੂੰ ਆਪਣਾ ਰੂਪ ਅਥਵਾ ਚੌਥੇ ਗੁਰੂ ਨਾਨਕ ਬਣਾ ਦਿੱਤਾ ਸੀ, ਤਾਂ ਸਾਨੂੰ ਚੰਗਾ ਨਹੀਂ ਲੱਗਦਾ।

ਬ੍ਰਾਹਮਣੀ ਕਰਮਕਾਂਡੀ ਵਿਚਾਰਾਂ ਨਾਲ ਜੁੜੀ ਹੋਈ ਸਾਡੀ ਮਤਿ ਇਹ ਨਹੀਂ ਸੋਚਦੀ ਕਿ ਜੇ ਬਾਬਾ ਸੁੰਦਰ ਜੀ ਅਸਲ ਗੱਲ ਲਿਖਣੀ ਭੁੱਲ ਗਏ ਸਨ ਤਾਂ ਕੀ ਗੁਰੂ ਅਰਜਨ ਦੇਵ ਜੀ ਨੇ ਗਲਤ ਜਾਂ ਅਧੂਰੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹ ਲਈ ਸੀ?

ਕੀ ਇਹ ਗੱਲ ਠੀਕ ਨਹੀਂ ਹੋ ਸਕਦੀ ਕਿ ਬਾਬਾ ਸੁੰਦਰ ਜੀ ਨੇ ਅਸਲ ਹਾਲਾਤ ਲਿਖਦਿਆਂ ਇੱਕ ਅੱਖਰ ਦਾ ਵੀ ਵਾਧਾ ਘਾਟਾ ਨਹੀਂ ਕੀਤਾ ਅਤੇ ਮੰਦ ਸੋਚਣੀ ਵਾਲੇ ਕਿਸੇ ਲਿਖਾਰੀ ਨੇ ਜਾਂ ਬ੍ਰਾਹਮਣੀ ਅਸਰ ਹੇਠ ਆ ਗਏ ਕਿਸੇ ਇਤਿਹਾਸਕਾਰ ਨੇ, ਜਾਂ ਕਿਸੇ ਭੇਖੀ ਡੇਰੇਦਾਰਾਂ ਨੇ ਬਾਬਾ ਬੁੱਢਾ ਜੀ ਦੇ ਹੱਥੀਂ ਕੇਸਰ ਆਦਿ ਦਾ ਬ੍ਰਾਹਮਣੀ ਤਿਲਕ ਲਾਇਆ ਜਾਣਾ ਲਿਖ ਕੇ ਗੁਰੂ ਪੰਥ ਵਿੱਚ ਬ੍ਰਾਹਮਣੀ ਰੀਤ ਵਾੜਨ ਦਾ ਪਾਪ ਕਰਮ ਕੀਤਾ ਹੋਇਆ ਹੋਵੇ?

ਗੁਰਦੇਵ ਨੇ ਕਿਸੇ ਰਸਮ ਵਿੱਚ ਬੱਝ ਕੇ ਆਪਣੇ ਸਰੀਰ ਤੇ ਕਿਸੇ ਪ੍ਰਕਾਰ ਦਾ ਤਿਲਕ ਆਦਿ ਕਿਸੇ ਵੀ ਹਾਲਤ ਵਿੱਚ ਨਹੀਂ ਸੀ ਲਾ ਸਕਦੇ ਅਤੇ ਨਾ ਬ੍ਰਾਹਮਣੀ ਕਰਮਕਾਂਡ ਵਾਲੀ ਕੋਈ ਸਮੱਗਰੀ (ਨਰੇਲ ਮੌਲੀ ਆਦਿ) ਹੀ ਨੇੜੇ ਆਉਣ ਦੀ ਆਗਿਆ ਦੇ ਸਕਦੇ ਸਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਕਰਮ ਪੰਥ ਦੋਖੀਆਂ ਦਾ ਹੀ ਹੈ।

ਜੇ ਅਜਿਹਾ ਕੁਝ ਜਾਣ ਬੁੱਝ ਕੇ ਨਹੀਂ ਕੀਤਾ ਗਿਆ ਤਾਂ ਸ਼ਾਇਦ ਗੁਰਬਾਣੀ ਵਿੱਚ ਆਏ ਟਿੱਕਾ ਅਥਵਾ ਤਿਲਕ ਸ਼ਬਦ ਤੋਂ ਭੁਲੇਖਾ ਲੱਗ ਰਿਹਾ ਹੈ ਇਸ ਲਈ ਹੋਰ ਸ਼ਬਦ ਵੀ ਵਿਚਾਰ ਲਈਏ:

– ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥ (੯੬੬)

ਅਕਾਲ ਪੁਰਖ ਦੀ ਬਖਸ਼ੀ ਹੋਈ ਮਤਿ ਰੂਪ ਤਲਵਾਰ ਨਾਲ, ਭਾਵ ਸ੍ਰੇਸ਼ਟ ਆਤਮਿਕ ਬਲ ਦੀ ਸ਼ਕਤੀ ਨਾਲ ਅੰਦਰੋਂ ਪਹਿਲਾਂ ਜੀਵਨ ਕੱਢ ਕੇ ਆਤਮਿਕ ਜ਼ਿੰਦਗੀ ਬਖਸ਼ ਕੇ ਬਾਬਾ ਲਹਿਣਾ ਜੀ ਦੇ ਸਿਰ ਉੱਤੇ ਜੋ ਸਿਫ਼ਤਿ ਸਾਲਾਹ ਕਰਕੇ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਪੀ ਰਹੇ ਸਨ, ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦਾ ਛਤਰ ਧਰਿਆ। ਹੁਣ ਆਪਣੀ ਸਲਾਮਤੀ ਵਿੱਚ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਬਾਬਾ ਲਹਿਣਾ ਜੀ ਅੱਗੇ ਮੱਥਾ ਟੇਕਿਆ ਤੇ ਸਤਿਗੁਰ ਜੀ ਨੇ ਜੀਉਂਦਿਆਂ ਹੀ ਗੁਰਿਆਈ ਬਾਬਾ ਲਹਿਣਾ ਜੀ ਨੂੰ ਦੇ ਦਿੱਤੀ। (ਕੇਸਰ ਆਦਿ ਦਾ ਨਹੀਂ, ਗੁਰਿਆਈ ਦਾ ਤਿਲਕ ਲਾਇਆ)

– ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ (੯੬੭)

ਗੁਰੂ ਨਾਨਕ ਸਾਹਿਬ ਦੀ ਆਤਮਾ ਬਾਬਾ ਲਹਿਣਾ ਜੀ ਦੀ ਆਤਮਾ ਵਿੱਚ ਇਉਂ ਮਿਲ ਗਈ ਕਿ ਗੁਰੂ ਨਾਨਕ ਨੇ ਆਪਣੇ ਆਪ ਨੂੰ ਆਪੇ ਬਾਬਾ ਲਹਿਣਾ ਜੀ ਨਾਲ ਸਾਂਵਾਂ ਕਰ ਲਿਆ। ਹੇ ਸਾਰੀ ਸੰਗਤ! ਵੇਖੋ, ਜੋ ਗੁਰੂ ਨਾਨਕ ਨੇ ਕੀਤਾ, ਆਪਣੇ ਸਿੱਖਾਂ ਤੇ ਪੁੱਤ੍ਰਾਂ ਨੂੰ ਪਰਖ ਕੇ ਸੁਧਾਈ ਕੀਤੀ ਤਾਂ ਉਸ ਨੇ ਆਪਣੇ ਥਾਂ ਲਈ ਬਾਬਾ ਲਹਿਣਾ ਜੀ ਨੂੰ ਚੁਣਿਆ।

– ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥
ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ॥
ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸ ਕੈ ਮਸਤਕਿ ਹਥੁ
ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥ (੩੦੯)

ਜਿਸ ਮਨੁੱਖ ਨੂੰ ਸਤਿਗੁਰੂ ਨੇ ਆਪ ਹੁੰਦਿਆਂ ਬਹਿ ਕੇ (ਭਾਵ ਆਪਣੀ ਜ਼ਿੰਦਗੀ ਵਿੱਚ ਆਪਣੀ ਹੱਥੀਂ) (ਆਪਣੀ ਜੋਤਿ ਦੀ) ਬਖਸ਼ਿਸ਼ ਰੂਪ ਤਿਲਕ ਦਿੱਤਾ ਹੋਵੇ, ਉਸ ਦੀ ਬਹੁਤ ਸੋਭਾ ਹੁੰਦੀ ਹੈ। ਉਸ ਦੇ ਅੱਗੇ ਸਾਰਾ ਸੰਸਾਰ ਜਿਉਂਦਾ ਹੈ ਤੇ ਉਸ ਦੀ ਚਰਨੀਂ ਲੱਗਦਾ ਹੈ ਉਸ ਦੀ ਸੋਭਾ ਸਾਰੇ ਜਗਤ ਵਿੱਚ ਖਿਲਰਦੀ ਹੈ। ਜਿਸ ਦੇ ਮੱਥੇ ਤੇ ਪੂਰੇ ਸਤਿਗੁਰੂ ਨੇ ਹੱਥ ਰੱਖਿਆ ਹੋਵੇ (ਭਾਵ ਜਿਸ ਦੇ ਭਾਗ ਸਤਿਗੁਰੂ ਨੇ ਜਗਾਏ ਹੋਣ) ਉਹ ਸਭ ਗੁਣਾਂ ਵਿੱਚ ਪੂਰਨ ਹੋ ਗਿਆ ਤੇ ਸਭ ਖੰਡਾਂ ਬ੍ਰਹਿਮੰਡਾਂ ਦੇ ਜੀਆ ਜੰਤ ਉਸ ਨੂੰ ਨਮਸਕਾਰ ਕਰਦੇ ਹਨ।

– ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਨੁ॥ ਸੋ ਟਿਕਾ ਸੋ ਬੈਹਣਾ ਸੋਈ ਦੀਬਾਨੁ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਨੁ॥ (੯੬੮)

ਗੁਰੂ ਅਮਰਦਾਸ ਜੀ ਦੇ ਸਿਰ ਉੱਤੇ ਗੁਰੂ ਨਾਨਕ ਵਾਲਾ ਛਤਰ ਵੇਖ ਕੇ ਸੰਗਤਿ ਅਸਚਰਜ ਹੋ ਰਹੀ ਹੈ। ਪੋਤਰਾ ਗੁਰੂ (ਅਮਰਦਾਸ) ਮੰਨਿਆ ਪ੍ਰਮੰਨਿਆ ਗੁਰੂ ਹੈ ਕਿਉਂਕਿ ਉਹ ਵੀ ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਵਰਗਾ ਹੀ ਹੈ, ਇਸ ਦੇ ਮੱਥੇ ਉੱਤੇ ਵੀ ਉਹੀ ਨੂਰ ਹੈ, ਇਸ ਦਾ ਵੀ ਉਹੀ ਤਖ਼ਤ ਹੈ, ਉਹੀ ਦਰਬਾਰ ਹੈ ਜੋ ਗੁਰੂ ਨਾਨਕ ਤੇ ਗੁਰੂ ਅੰਗਦ ਸਾਹਿਬ ਦਾ ਸੀ।

ਇਨ੍ਹਾਂ ਚਾਰ ਗੁਰਸ਼ਬਦਾਂ ਵਿੱਚ ਗੁਰਗੱਦੀ ਦੇ ਸੌਂਪੇ ਜਾਣ ਦਾ ਜ਼ਿਕਰ ਹੈ, ਪਰ ਕਿਸੇ ਇੱਕ ਥਾਂ ਵੀ, ਨਾ ਹੀ ਬਾਬਾ ਬੁੱਢਾ ਜੀ ਬਾਰੇ ਕੋਈ ਜ਼ਿਕਰ ਆਇਆ ਹੈ ਅਤੇ ਨਾ ਹੀ ਕਿਸੇ ਕਥਿਤ ਸਮੱਗ੍ਰੀ ਨਾਲ ਜੁੜੀ ਕੋਈ ਰੀਤ ਹੀ ਨਜ਼ਰ ਆ ਰਹੀ ਹੈ।

ਅਸਲ ਭਾਣਾ ਇਹ ਵਰਤਿਆ ਹੋਇਆ ਹੈ ਕਿ ਰਾਜੇ ਨੂੰ ਹਰ ਪੱਖੋਂ ਆਪਣੀ ਉੱਚਤਾ ਦੇ ਅਧੀਨ ਰੱਖਣ ਲਈ ਬ੍ਰਾਹਮਣ ਨੇ ਉਸਦੇ ਮਨ ਵਿੱਚ ਇਹ ਭਰਮ ਪਾ ਦਿੱਤਾ ਸੀ ਕਿ ਵੇਦ ਰੀਤੀ ਅਨੁਸਾਰ ਰਾਜ ਤਿਲਕ ਕੀਤੇ ਬਿਨਾਂ ਰਾਜਗੱਦੀ ਤੇ ਬੈਠਣਯੋਗ ਨਹੀਂ ਹੋ ਸਕਦਾ। ਰਾਜੇ ਨੂੰ ਰਾਣੀਆਂ ਸਮੇਤ ਵਰਤ ਰਖਾਉਣਾ, ਖ਼ਾਸ ਵਿਧੀ ਨਾਲ ਰਾਜੇ ਕੋਲੋਂ ਕੁਲ ਦੇਵਤੇ ਦੀ ਪੂਜਾ ਕਰਾਉਣੀ, ਕਈ ਦਰਿਆਵਾਂ ਦਾ ਪਾਣੀ ਲਿਆ ਕੇ ਖ਼ਾਸ ਵਿਧੀ ਨਾਲ ਹਵਨ ਕਰਾਉਣਾ। ਫਿਰ ਵੇਦ ਮੰਤ੍ਰਾਂ ਦਾ ਜਾਪ ਕਰਦਿਆਂ ਰਾਜੇ ਨੂੰ ਨੁਹਾ ਧੁਆ ਕੇ ਉਸ ਨੂੰ ਸੁਗੰਧੀਆਂ ਲਾਉਣੀਆਂ ਵੇਦ ਮੰਤ੍ਰਾਂ ਦਾ ਜਾਪ ਕਰਦਿਆਂ ਕੇਸਰ, ਚੰਦਨ ਆਦਿ ਰਗੜ ਕੇ ਤਿਆਰ ਕੀਤੀ ਸਮੱਗ੍ਰੀ ਦਾ ਤਿਲਕ, ਰਾਜੇ ਦੇ ਮੱਥੇ ਉੱਤੇ ਬ੍ਰਾਹਮਣ ਰਾਜਗੁਰੂ ਲਾਉਂਦਾ ਸੀ। ਤਿਲਕ ਲੱਗਦਿਆਂ ਹੀ ਸੰਖ ਵਜਦੇ, ਇਸਤਰੀਆਂ ਦੇ ਨਾਚ ਹੁੰਦੇ, ਵਧਾਈਆਂ ਦਿੱਤੀਆਂ ਜਾਂਦੀਆਂ ਅਤੇ ਦਿਲ ਖੋਲ੍ਹ ਕੇ ਬ੍ਰਾਹਮਣਾਂ ਨੂੰ ਦਾਨ ਦੱਛਣਾਂ ਦਿੱਤੀ ਜਾਂਦੀ। ਇਸ ਸਾਰੇ ਅਡੰਬਰ ਨੂੰ ਰਾਜ ਤਿਲਕ ਦਾ ਨਾਮ ਦਿੱਤਾ ਜਾਂਦਾ ਸੀ।

ਗੁਰੂ ਘਰ ਦੀ ਸੱਚ ਧਰਮ ਦੀ ਗੱਦੀ ਜਿਹੜੀ ਅਜਿਹੇ ਫੋਕਟ ਕਰਮਾਂ ਦਾ ਖੰਡਨ ਕਰਨ ਵਾਸਤੇ ਹੀ ਪ੍ਰਗਟ ਹੋਈ ਸੀ, ਉਸਦੇ ਨਾਲ ਹੀ ਝੂਠੇ ਰਾਜ ਤਿਲਕ ਵਾਲੀ ਬ੍ਰਾਹਮਣੀ ਰਸਮ ਜੋੜ ਕੇ ਸਿੱਖੀ ਵਿੱਚ ਬਿਪ੍ਰਨ ਕੀ ਰੀਤ ਵਾੜ ਸਕਣ ਦੀ ਨੀਂਹ ਰੱਖ ਦਿੱਤੀ ਗਈ ਸੀ। ਸਿੱਖੀ ਭੇਖ ਵਾਲੇ ਡੇਰੇਦਾਰ ਇਸ ਕਰਮਕਾਂਡੀ ਰੀਤ ਨੂੰ ਪੂਰੀ ਤਰ੍ਹਾਂ ਸਿੱਖ ਧਰਮ ਦਾ ਜ਼ਰੂਰੀ ਅੰਗ ਦੱਸਣ ਵਿੱਚ ਪੂਰਾ ਜ਼ੋਰ ਕਿਸ ਕਾਰਨ ਲਾ ਰਹੇ ਹਨ? ਗੁਰਬਾਣੀ ਦੇ ਫੁਰਮਾਨ ਅਤੇ ਗੁਰਮਤਿ ਸਿਧਾਂਤ ਦੇ ਉਲਟ ਅਜਿਹਾ ਸਭ ਕੁਝ ਕਰਨ ਵਿੱਚ ਕੀ ਉਨ੍ਹਾਂ ਦਾ ਕੋਈ ਨਿਜ ਸੁਆਰਥ ਤਾਂ ਨਹੀਂ?

ਮਨੁੱਖ ਨੂੰ ਰੱਬ ਦਰਸਾਉਣ ਲਈ ਜਿਹੜੇ ਨਾਮ ਦਿੱਤੇ ਹੋਏ ਸਨ, ਹੌਲੀ ਹੌਲੀ ਉਹ ਸਾਰੇ ਨਾਮ ਪ੍ਰਮਾਤਮਾ ਦੀ ਹਸਤੀ ਨਾਲ ਜਾ ਜੁੜੇ। ਜਿਵੇਂ ਰੱਬ ਦੇ ਉਹ ਬ੍ਰਾਹਮਣੀ ਨਾਮ ਗੁਰਦੇਵ ਨੇ ਬਾਣੀ ਵਿੱਚ ਵਰਤੇ ਹਨ ਉਸੇ ਤਰ੍ਹਾਂ ਪੀਰੀ ਦੇ ਨਾਲ ਮੀਰੀ, ਦੋਹਾਂ ਦੀ ਮਾਲਕ, ਗੁਰਗੱਦੀ ਦੇ ਨਾਲ ਤਿਲਕ ਸ਼ਬਦ ਵੀ ਵਰਤਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਰੱਬ

ਦੇ ਇਹ ਨਾਮ ਨਾ ਤਾਂ ਸੀਤਾ ਪਤੀ ਰਾਮ ਦੇ ਹਨ ਅਤੇ ਨਾ ਹੀ ਲੱਛਮੀ ਪਤੀ ਵਿਸ਼ਨੂੰ ਦੇ ਤੇ ਨਾ ਰਾਧਾ ਵਾਲੇ ਕ੍ਰਿਸ਼ਨ ਦੇ ਹੀ ਹਨ। ਏਸੇ ਤਰ੍ਹਾਂ ਗੁਰਮਤਿ ਵਿੱਚ ਗੱਦੀ ਨਾਲ ਜੁੜਿਆ ਤਿਲਕ ਸ਼ਬਦ ਕਿਸੇ ਵਿਖਾਵੇ ਵਾਲੀ ਰਸਮ ਦਾ ਪ੍ਰਤੀਕ ਨਹੀਂ ਹੈ। ਸਗੋਂ ਉਸ ਅਦ੍ਰਿਸ਼ ਰਸਮ ਦਾ ਪ੍ਰਤੀਕ ਹੈ ਜਿਸ ਅਨੁਸਾਰ ਰਾਵੀ ਦਰਿਆ ਵਿੱਚ ਖਲੋਤਿਆਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਛੇਵਾਂ ਗੁਰੂ ਨਾਨਕ ਬਣਾ ਦਿੱਤਾ ਸੀ, ਜਿਸ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿੱਚੋਂ ਹੀ ਬਾਬੇ ਬਕਾਲੇ ਬੈਠੇ ਗੁਰੂ ਤੇਗ਼ ਬਹਾਦਰ ਜੀ ਨੂੰ ਨੌਵਾਂ ਗੁਰੂ ਨਾਨਕ ਬਣਾ ਦਿੱਤਾ ਸੀ ਅਤੇ ਫਿਰ ਦਸ਼ਮੇਸ਼ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੱਦੀ ਦਾ ਮਾਲਕ ਬਣਾਉਣ ਲੱਗਿਆਂ ਇਨ੍ਹਾਂ ਦੇ ਕਿਹੜੇ ਮੱਥੇ ਤੇ ਤਿਲਕ ਲਾਇਆ ਸੀ?

ਗੁਰਦੇਵ ਸਾਨੂੰ ਬਾਹਾਂ ਉੱਚੀਆਂ ਕਰਕੇ ਕੂਕ ਕੂਕ ਕੇ ਫੁਰਮਾਨ ਕਰ ਰਹੇ ਹਨ:

– ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ॥ (੧੩੨੬)

ਜੇ ਸਿੱਖ ਗੁਰੂ ਦਾ ਹੁਕਮ ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਪੈ ਕੇ ਉਪਦੇਸ਼ ਵਾਸਤੇ ਜੋਦੜੀ ਕਰੇ ਤਾਂ ਸਤਿਗੁਰੂ ਸਿੱਖ ਨੂੰ ਸਮਝਾਉਂਦੇ ਹਨ:

– ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥ (੬੬੭)

ਇਹ ਡੇਰੇਦਾਰ ਜਿਹੜੇ ਆਪਣੀਆਂ ਗੱਦੀਆਂ ਨੂੰ ਚਮਕਾਉਣ ਲਈ ਸਾਡੇ ਮਨਾਂ ਅੰਦਰ ਕਈ ਭੁਲੇਖੇ ਪਾ ਕੇ ਸਾਨੂੰ ਆਪਣੇ ਧੁਰੇ ਨਾਲੋਂ ਵੱਖ ਕਰ ਰਹੇ ਹਨ। ਇਹ ਕਿਸੇ ਵੀ ਦਲੀਲ ਨਾਲ ਆਪਣੀ ਠੱਗ ਨੀਤੀ ਨੂੰ ਤਿਆਗਣ ਲਈ ਤਿਆਰ ਨਹੀਂ ਹਨ। ਅਜਿਹੀ ਘਾਤਕ ਨੀਤੀ ਵੱਲੋਂ ਆਪਣਾ ਚਿੱਤ ਨਾ ਫੇਰਨ ਵਾਲਿਆਂ ਨੂੰ ਹੀ ਫ਼ਰੀਦ ਸਾਹਿਬ ਨੇ ਸ਼ੈਤਾਨ ਦੇ ਸਾਥੀ ਕਿਹਾ ਹੈ। ਇਨ੍ਹਾਂ ਦੇ ਨੇੜੇ ਜਾਣਾ ਆਪਣੇ ਪੈਰ ਤੇ ਆਪ ਕੁਹਾੜਾ ਮਾਰਨਾ ਹੈ। ਇਹੀ ਲੋਕ ਸਾਨੂੰ ਬਿਪ੍ਰਨ ਕੀ ਰੀਤ ਨਾਲ ਜੋੜਦੇ ਹਨ।

– ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥ (੧੩੭੮)